
ਕੇਸਰੋ
ਗਾਰਗੀ

## ਪਾਤਰ

ਕੇਸਰੋ — ਪਿੰਡ ਦੀ ਅਨਪੜ੍ਹ ਜੱਟੀ, ਉਮਰ 25 ਸਾਲ
ਲੱਖਾ — ਉਸ ਦਾ ਫ਼ੌਜੀ ਪਤੀ
ਗਿਆਨੋ ਬੇਬੀ — ਇਕ ਬੁੱਢੀ
ਨੱਥੀ — ਗਿਆਨੋ ਦੀ ਨੂੰਹ
ਰੱਖੋ — ਇਕ ਹੋਰ ਜੱਟੀ
ਗਰੀਬੂ ਸ਼ਾਹ — ਪਿੰਡ ਦਾ ਹਟਵਾਣੀਆ
ਅਤਰੀ — ਗਰੀਬੂ ਸ਼ਾਹ ਦੀ ਘਰ ਵਾਲੀ
ਰੁਲਦੂ — ਉਸ ਦਾ ਪੁੱਤ
ਅਧਿਆਪਕਾ —
ਡਾਕੀਆ —

ਅੰਕ ਪਹਿਲਾ :

ਪਿੰਡ ਦੀ ਗਲੀ ਦਾ ਦ੍ਰਿਸ਼

ਅੰਕ ਦੂਜਾ :

ਝਾਕੀ ਪਹਿਲੀ : ਛੀ ਮਹੀਨਿਆਂ ਪਿਛੋਂ

ਝਾਕੀ ਦੂਜੀ : ਤਿੰਨ ਮਹੀਨਿਆਂ ਪਿਛੋਂ

ਅੰਕ ਤੀਜਾ :

ਇਕ ਸਾਲ ਪਿਛੋਂ

ਸਮਾਂ — ੧੯੫੨ ਦੇ ਲਾਗੇ

ਥਾਂ — ਮਾਲਵੇ ਵਿਚ ਇਕ ਪਿੰਡ

ਸਾਰਾ ਨਾਟਕ ਪਿੰਡ ਦੇ ਵਿਹੜੇ ਵਿਚ ਵਾਪਰਦਾ ਹੈ ।

# ਕੇਸਰੋ

## ਅੰਕ ਪਹਿਲਾ

ਸਟੇਜ ਦੇ ਸੱਜੇ ਪਾਸੇ ਕੇਸਰੋ ਆਪਣੇ ਘਰ ਦੇ ਬੂਹੇ ਅੱਗੇ ਚੌਂਤਰੇ ਉਤੇ ਬੈਠੀ ਦਾਲ ਵਿਚੋਂ ਰੋੜ ਚੁਗ ਰਹੀ ਹੈ ।

ਖੱਬੇ ਪਾਸੇ ਗਰੀਬੂ ਸ਼ਾਹ ਹੱਟੀ ਉਤੇ ਬੈਠਾ ਰੋਕੜ ਜੋੜ ਰਿਹਾ ਹੈ । ਕਦੇ- ਕਦੇ ਹੁੱਕੇ ਦਾ ਘੁੱਟ ਭਰਦਾ ਹੈ । ਹੱਟੀ ਉਤੇ ਪਨਸਾਰ ਦਾ ਸਾਮਾਨ ਪਿਆ ਹੈ — ਆਟਾ, ਦਾਲ, ਮੂੰਗਫਲੀ, ਰਿਉੜੀਆਂ ਆਦਿ ।

ਡਾਕੀਆ ਆਉਂਦਾ ਹੈ ਤੇ ਕੇਸਰੋ ਵੱਲ ਇਕ ਚਿੱਠੀ ਵਗਾਹ ਮਾਰਦਾ ਹੈ ।

ਡਾਕੀਆ — ਲੈ ਬੀਬੀ, ਖ਼ਤ !

ਕੇਸਰੋ — (ਰੋੜ ਚੁਗਣੇ ਬੰਦ ਕਰ ਕੇ) ਵੇ ਵੀਰਾ, ਠਹਿਰ ਤਾਂ ਜਾ, ਤੂੰ ਤਾਂ ਭਜਿਆ ਈ ਜਾਨਾਂ ਏਂ । ਗੱਲ ਸੁਣ ! ਇਹ ਤਾਂ ਦਸ ਜਾ, ਇਹ ਚਿੱਠੀ ਆਈ ਕਿਥੋਂ ਐ ?

ਡਾਕੀਆ — ਮੈਨੂੰ ਕਾਹਲੀ ਏ ਬੀਬੀ, ਐਨੀਆਂ ਚਿੱਠੀਆਂ ਦਾ ਥੱਬਾ ਵੰਡਣਾ ਏ ਹਾਲੇ । ਜੇ ਮੈਂ ਜਣੇ ਖਣੇ ਦੇ ਖ਼ਤ ਪੜ੍ਹਦਾ ਫਿਰਾਂ ਤਾਂ ਇਹ ਡਾਕ ਕੌਣ ਵੰਡੂ ।

ਕੇਸਰੋ — ਮੇਰੇ ਤਾਂ ਮਸਾਂ ਦੋ ਅੱਖਰ ਈ ਹੋਣਗੇ, ਤੂੰ ਰਤਾ ਲਗਦੇ ਹੱਥ ਇਹਨਾਂ ਨੂੰ ਉਠਾ ਜਾ । ਸਰਕਾਰੂ ਮੁਹਰਾਂ ਦੇਖ ਕੇ ਇਹ ਤਾਂ ਮੈਂ ਪਤਾ ਲਾ ਲਿਆ ਪਈ ਇਹ ਕਿਥੋਂ ਆਈ ਐ ।

ਡਾਕੀਆ — ਉਹ ਗਰੀਬੂ ਸ਼ਾਹ ਬੈਠਾ ਏ, ਉਸ ਤੋਂ ਪੜ੍ਹਾ ਲੈ । ਮੇਰਾ ਹਰਜਾ ਨਾ ਕਰ ।

ਜਦੋਂ ਆਉਣੀ ਏਂ ਕਦੇ ਕੁਸ਼ ਨਹੀਂ ਖਟਾਉਂਦੀ। ਕਮਲੀਏ, ਜਦ ਤੀਕ ਤਲੀ ਗਰਮ ਨਾ ਹੋਵੇ, ਡਮਾਕ ਵੀ ਨਹੀਂ ਪੰਘਰਦਾ।

ਕੇਸਰੋ — ਤੇਰਾ ਡਮਾਕ ਤਾਂ ਹਰ ਵੇਲੇ ਹੀ ਜੰਮਿਆ ਰਹਿੰਦਾ ਏ, ਇਸ ਨੂੰ ਪੰਘਰਾਉਣ ਲਈ ਤਾਂ ਅੱਗ ਦੇ ਭਾਂਬੜ ਚਾਹੀਦੇ ਨੇ।

ਗਰੀਬੂ ਸ਼ਾਹ — (ਚਿੱਠੀ ਦੇਖ ਕੇ ਹੈਰਾਨੀ ਨਾਲ) ਐਡੀ ਵੱਡੀ ਚਿੱਠੀ! ਦੇਈ ਦੀ ਸੌਂਹ, ਪੂਰੀ ਮਿਸਲ ਏ। ਅੱਛਾ, ਤੂੰ ਗੁਆਂਢਣ ਏਂ, ਕੀ ਆਖੇਂਗੀ ਕਿਸੇ ਸ਼ਾਹ ਨਾਲ ਵਾਹ ਪਿਆ ਸੀ, ਲਿਆ ਤੇਰਾ ਕੰਮ ਤਾਂ ਅਸੀਂ ਧੇਲੀ ਵਿਚ ਈ ਕਰ ਦਿੰਨੇ ਆਂ।

ਕੇਸਰੋ — ਧੇਲੀ!

ਗਰੀਬੂ ਸ਼ਾਹ — ਨੀ ਭੋਲੀਏ, ਧੇਲੀ ਬਹੁਤੀ ਏ? ਕਮਲੀਏ ਅਸਾਮ ਤੋਂ ਖ਼ਤ ਆਇਆ ਏ, ਕਿਹੜਾ ਕਿਤੇ ਨੇੜਿਓਂ ਤੇੜਿਓਂ ਆਇਆ ਏ। ਤੂੰ ਤਾਂ ਧੇਲੀ ਦੇ ਨਾਂ ਤੋਂ ਈ ਘਾਬਰ ਗਈ, ਜਿਵੇਂ ਕਿਤੇ ਏਸ ਵਿਚੋਂ ਵੀ ਅਸੀਂ ਕੁਝ ਖੱਟ ਲਿਆ ਹੁੰਦਾ ਏ। ਨੀ, ਐਨੇ ਦੇ ਤਾਂ ਬਦਾਮ ਖਾਣੇ ਪੈਣਗੇ ਡਮਾਕ ਨੂੰ ਠੀਕ ਰਖਣ ਲਈ।

ਕੇਸਰੋ — ਚਿੱਠੀ ਵਾਚਣ ਦੀ ਧੇਲੀ! ਹਨੇਰ ਸਾਂਈਂ ਦਾ। ਧੇਲੀ ਵਿਚ ਤਾਂ ਦੋ ਦਿਨ ਰੋਟੀ ਵੇਲਾ ਟਪਾਈਦਾ ਏ। ਤੇਰਾ ਸੁਭਾ ਨਾ ਗਿਆ, ਗਰੀਬੂ ਸ਼ਾਹ। ਇਕ ਵਾਰੀ ਕੋਈ ਆ ਜਾਏ ਤੇਰੇ ਚੌਂਤਰੇ ਉਤੇ, ਬਸ ਫਿਰ ਉਸ ਦੇ ਖੀਸੇ ਹੈ ਨਹੀਂ।

ਗਰੀਬੂ ਸ਼ਾਹ — ਤੂੰ ਕਿਹੜੇ ਨੜਿੱਨਵੇਂ ਦੇ ਫੇਰ ਵਿਚ ਪੈ ਗਈ। ਭੋਲੀਏ, ਕਦੀ ਤਾਂ ਹੱਥੋਂ ਕੁਝ ਕਿਰਿਆ ਕਰ।

ਕੇਸਰੋ — ਤੇਰੀ ਕਿਰਿਆ ਪਤਾ ਨਹੀਂ ਕਦੋਂ ਹੋਊ, ਸਾਡੀ ਜੱਟਾਂ ਦੀ ਕਿਰਿਆ ਤਾਂ ਤੂੰ ਜਿਉਂਦੇ ਜੀ ਕਰ ਛੱਡਦਾ ਏਂ।

ਗਰੀਬੂ ਸ਼ਾਹ — ਨੀ ਭੋਲੀਏ! ਐਨੇ ਪੈਸੇ ਖਰਚ ਕੇ ਮਸਾਂ ਅਸੀਂ ਦੋ ਅੱਖਰ ਢਿੱਡ ਵਿਚ ਪਾਏ ਨੇ। ਤੂੰ ਮੁਖਤੋ ਮੁਖਤੀ ਸਾਰਾ ਕੰਮ ਭਾਲਦੀ ਏਂ।

ਕੇਸਰੋ — ਤੂੰ ਹਰ ਗੱਲ ਉਤੇ ਪੈਸੇ ਖਰੇ ਕਰਨ ਦੀ ਸੋਚਦਾ ਏਂ, ਤੈਨੂੰ ਵੀ ਤਾਂ ਨਿੱਤ ਕੰਮ ਪੈਂਦਾ ਸਾਡੇ ਨਾਲ। ਤੜਕੇ ਰੋਜ ਲੱਸੀ ਦਾ ਗੜਵਾ ਭਰਵਾ ਕੇ ਲੈ ਜਾਨਾਂ ਏਂ, ਦੁੱਧ ਦਹੀਂ ਲਈ ਵੀ ਤੇਰਾ ਹੱਥ ਸਦਾ ਅੱਡਿਆ ਰਹਿੰਦਾ ਏ। ਹੁਣ ਆਵੀਂ ਕਦੇ ਸਾਡੇ ਘਰ — ਲਿਆ ਫੜਾ ਮੇਰੀ ਚਿੱਠੀ, ਕਿਤੇ ਕਾਲੀ ਨਾ ਕਰ ਦੇਵੀਂ, ਸ਼ਾਹੀ ਨਾਲ ਲਿਬੜੇ ਹੱਥਾਂ 'ਚ ਫੜੀ



ਬੈਠਾ ਏਂ।

ਗਰੀਬੂ ਸ਼ਾਹ — ਤੂੰ ਬੋਹਣੀ ਵੇਲੇ ਆਈ ਏਂ, ਤੈਨੂੰ ਮੋੜਨਾ ਠੀਕ ਨਹੀਂ। ਚੰਗਾ ਦੋ ਆਨੇ ਹੀ ਦੇ ਦਈਂ। ਦੋ ਆਨਿਆਂ ਤੋਂ ਘੱਟ ਨਹੀਂ ਗੱਲ ਬਣਨੀ। ਦੋ ਆਨੇ ਖਤ ਪੜ੍ਹਨ ਦੇ — ਇਹ ਤਾਂ ਕੰਟਰੋਲ ਰੇਟ ਏ।

ਕੇਸਰੋ — ਏਸੇ ਕੰਟਰੋਲ ਨੇ ਤਾਂ ਸਾਨੂੰ ਪੱਟ ਦਿਤਾ। ਕੋਈ ਚੀਜ ਬਜ਼ਾਰੋਂ ਨਹੀਂ ਲੱਭਦੀ, ਜਿਥੇ ਜਾਓ, ਕੰਟਰੋਲ। ਹੁਣ ਚਿੱਠੀ ਪੜ੍ਹਨ ਤੇ ਵੀ ਸਰਕਾਰ ਨੇ ਕੰਟਰੋਲ ਲਾ ਦਿਤਾ ਏ। ਲਿਆ ਫੜਾ ਮੇਰੀ ਚਿੱਠੀ, ਮੈਨੂੰ ਨਹੀਂ ਪੁਗਦਾ ਇਹ ਸੌਦਾ।

ਗਰੀਬੂ ਸ਼ਾਹ — ਚੰਗਾ ਕਿਸੇ ਹੋਰ ਤੋਂ ਪੜ੍ਹਾ ਲੈ। ਫੜ — (ਗੁੱਸੇ ਵਿਚ ਖ਼ਤ ਵਗਾਹ ਮਾਰਦਾ ਹੈ) ਉੂੰ ਹੂੰ — ਸ਼ੁਦੈਣ ਨੇ ਮਗਜ ਚੱਟ ਲਿਆ... ਅੱਧਾ ਘੰਟਾ ਖਰਾਬ ਕਰ ਦਿਤਾ, ਟਰ ਟਰ ਲਾ ਰਖੀ ਸੀ...ਐਨੇ ਵਿਚ ਤਾਂ ਮੈਂ ਚਾਰ ਪੰਨੇ ਮੇਲ ਲੈਂਦਾ। ਹੁਣ ਤਾਂ ਜੱਟਾਂ ਨੂੰ ਵੀ ਅਕਲ ਆਉਂਦੀ ਜਾਂਦੀ ਏ। ਅਨਪੜ੍ਹ ਈ ਇਹ ਹਾਲ ਕਰਦੇ ਨੇ, ਜੇ ਪੜ੍ਹ ਗਏ ਤਾਂ ਫਿਰ ਸਾਡਾ ਕਿਥੇ ਲੇਖਾ। (ਫਿਰ ਕਲਮ ਫੜ ਕੇ ਲੇਖਾ ਜੋੜਦਾ ਹੈ) ਦੋ...ਦੋ...ਤੇ ਤਿੰਨ ਪੰਜ...ਪੰਜ...ਨੌਂ...ਨੌਂ...ਉਹ! ਬੋਹਣੀ ਵੇਲੇ ਈ ਵਿਘਨ ਪਾ ਗਈ। ਅੱਜਕਲ ਹਰ ਇਕ ਜਣਾ ਮੁਖ਼ਤ ਕੰਮ ਭਾਲਦਾ ਏ, ਤੇ ਏਥੇ ਗੱਦੀ 'ਤੇ ਬੈਠੇ ਬੈਠੇ ਮੇਰੀ ਗਿੱਚੀ ਆਕੜ ਗਈ — ਨਜ਼ਰ ਗੱਡ ਕੇ ਕੰਮ ਕਰਨਾ ਕਿਤੇ ਸੌਖਾ ਏ? ਤਦੇ ਅੱਖਾਂ ਅੱਗੇ ਭੰਬੂ-ਤਾਰੇ ਨਚਦੇ ਨੇ — ਸ਼ੈਂਤ ਐਣਕ ਵਿਚ ਈ ਕੋਈ ਕਸਰ ਏ, ਐਣਕ ਵੀ ਤਾਂ ਲਾਲੇ ਦੇ ਵੇਲਿਆਂ ਦੀ ਐ...(ਐਨਕ ਸਾਫ਼ ਕਰ ਕੇ ਫਿਰ ਕੰਮ ਕਰਨ ਲਗਦਾ ਹੈ) ਦੋ...ਦੋ...ਤੇ ਪੰਜ ਸੱਤ ਸੱਤ...ਸੱਤ...ਸੱਤ ਤੇ ਚਾਰ...ਗਿਆਰਾਂ...ਗਿਆਰਾਂ...ਹੱਥ ਆਇਆ ਇਕ...ਇਕ...ਇਕ ਤੇ ਤਿੰਨ ਚਾਰ...ਚਾਰ...(ਪੁੱਤ ਨੂੰ ਹਾਕ ਮਾਰ ਕੇ) ਉਏ ਰੁਲਦੂ! ਰੁਲਦੂ ਉਏ — ਖੌਰੇ ਭੂਤਨੀ ਦਾ ਕਿਧਰ ਨੱਸ ਜਾਂਦਾ ਏ। ਹੱਟੀ ਤਾਂ ਜਿਵੇਂ ਇਹਨੂੰ ਵੱਢਦੀ ਹੋਵੇ। ਓਏ ਰੁਲਦੂ!

ਬਾਹਰੋਂ ਆਵਾਜ਼ — ਆਇਆ ਲਾਲਾ!

ਗਰੀਬੂ ਸ਼ਾਹ — ਲਾਲੇ ਦਾ ਪੁੱਤਰ, ਚੱਲ ਏਧਰ।

ਨੌਂ ਵਰ੍ਹਿਆਂ ਦਾ ਰੁਲਦੂ ਨੱਸਦਾ ਆਉਂਦਾ ਹੈ। ਉਸ ਦੀ ਟੋਟਣੀ ਉਤੇ ਉਸਤਰਾ ਫਿਰਿਆ ਹੋਇਆ ਹੈ। ਵੱਡੀ ਸਾਰੀ ਬੋਦੀ ਹੀ ਸਿਰ ਦਾ ਸਾਰਾ ਸ਼ਿੰਗਾਰ ਹੈ। ਉਸ ਦੇ ਕੰਨਾਂ ਵਿਚ ਸੋਨੇ ਦੀਆਂ ਪਤਲੀਆਂ ਮੁਰਕੀਆਂ ਹਨ ਜਿਨ੍ਹਾਂ ਵਿਚ ਬੂਠੇ ਲਾਲ ਨਗ ਲੱਗੇ ਹੋਏ ਹਨ।

ਰੁਲਦੂ — ਕੀ ਐ ਲਾਲਾ ?

ਗਰੀਬੂ ਸ਼ਾਹ — ਕਿਥੇ ਗਿਆ ਸੀ ਲਾਲੇ ਦਿਆ ਪੁੱਤਰਾ ?

ਰੁਲਦੂ — ਬੇਬੇ ਨੇ ਘੱਲਿਆ ਸੀ ਖੇਮੇ ਸੁਨਿਆਰ ਦੇ ਘਰ।

ਗਰੀਬੂ ਸ਼ਾਹ — ਉਥੇ ਕੀ ਤੇਰੀ ਮਾਂ ਨੇ ਗੋਖੜੂ ਘੜਾਉਣ ਭੇਜਿਆ ਸੀ, ਬੂਠਾ। (ਟੋਟਣ ਉਤੇ ਇਕ ਥੱਪੜ ਜੜ ਕੇ) ਚਲ ਬੈਠ ਏਧਰ ਹੱਟੀ ਉਤੇ।

ਰੁਲਦੂ ਟੱਪ ਕੇ ਤਖ਼ਤ-ਪੋਸ਼ ਉਤੇ ਬੈਠ ਜਾਂਦਾ ਹੈ। ਗਰੀਬੂ ਸ਼ਾਹ ਵਹੀ ਖਾਤਾ ਲਪੇਟ ਕੇ ਰਖ ਦੇਂਦਾ ਹੈ।

ਗਰੀਬੂ ਸ਼ਾਹ — ਪੁੱਤਰਾ, ਏਕਰ ਈ ਨਹੀਂ ਭੌਂਦੇ ਰਹੀਦਾ। ਕਿਸੇ ਵੇਲੇ ਹੱਟੀ ਉਤੇ ਵੀ ਬੈਠਿਆ ਕਰ। ਮੇਰਾ ਲਾਲਾ ਹੱਟੀ ਤੋਂ ਹਿੱਲਣ ਵੀ ਨਹੀਂ ਸੀ ਦੇਂਦਾ। ਅਜਕਲ ਕਮਾਈਆਂ ਬੜੀਆਂ ਔਖੀਆਂ ਨੇ। ਕਿਹੋ ਜਹੇ ਵੇਲੇ ਆ ਗਏ ਨੇ — ਲੈ ਬੈਠ ਹੱਟੀ ਉਤੇ, ਮੈਂ ਰਤਾ ਨਾਵਾਂ ਉਗਰਾਹ ਲਿਆਵਾਂ।

ਗਰੀਬੂ ਸ਼ਾਹ ਹੱਟੀ ਤੋਂ ਉਠਦਾ ਹੈ। ਮੋਢੇ ਤੇ ਲਾਲ ਪਰਨਾ ਰਖਦਾ ਹੈ ਤੇ ਜੁੱਤੀ ਝਾੜ ਕੇ ਨਾਵਾਂ ਉਗਰਾਹੁਣ ਲਈ ਤਿਆਰ ਹੁੰਦਾ ਹੈ।

ਗਰੀਬੂ ਸ਼ਾਹ — ਲੈ ਫੜਾਈਂ ਰਤਾ ਬਹੀ। ਮੇਰੇ ਪਿਛੋਂ ਹੱਟੀ ਤੋਂ ਜੇ ਹਿੱਲਿਓਂ ਤਾਂ ਮਾਰ ਮਾਰ ਕੇ ਟੋਟਨ ਗਾੜ੍ਹ ਦਿਆਂਗਾ। ਲਿਆ ਫੜਾ ਬਹੀ।

ਵਹੀ ਫੜ ਕੇ ਉਹ ਗਲੀ ਵਿਚ ਚਲਾ ਜਾਂਦਾ ਹੈ। ਰੁਲਦੂ ਇਕ ਮਿੰਟ ਹੱਟੀ ਉਤੇ ਬੈਠਾ ਰਹਿੰਦਾ ਹੈ। ਏਧਰ ਓਧਰ ਝਾਕਦਾ ਹੈ, ਤੇ ਫਿਰ ਰਿਉੜੀਆਂ ਦੀ ਲੱਪ ਭਰ ਕੇ ਤੇ ਗੱਲੇ ਵਿਚੋਂ ਪੈਸਾ ਚੁਕ ਕੇ ਮੁੜ ਗਲੀ ਵਿਚ ਖੇਡਣ ਲਈ ਦੌੜ ਜਾਂਦਾ ਹੈ।



ਰੂੜਾ ਖੱਬੇ ਪਾਸਿਓਂ ਗਲੀ ਵਿਚੋਂ ਦੀ ਲੰਘਦਾ ਹੈ। ਕੇਸਰੋ ਉਸ ਨੂੰ ਹਾਕ ਮਾਰਦੀ ਹੈ।

ਕੇਸਰੋ — ਵੇ ਭਾਈ ਰੂੜਿਆ, ਗੱਲ ਤਾਂ ਸੁਣ ਜਾ।

ਰੂੜਾ — ਕੀ ਏ ਭਾਬੀ ?

ਕੇਸਰੋ — ਵੀਰਾ, ਇਹ ਰਤਾ ਚਿੱਠੀ ਪੜ੍ਹ ਜਾਈਂ।

ਰੂੜਾ — ਮੈਂ ਤੇ ਆਪ ਡੰਗ ਸਾਰਨ ਜੋਗਾ ਪੜ੍ਹਿਆ ਹੋਇਆ ਹਾਂ।

ਕੇਸਰੋ — ਏਸ ਚਿੱਠੀ ਵਿਚ ਤਾਂ ਚਾਰ ਅੱਖਰ ਈ ਮਸਾਂ ਹੋਣਗੇ। ਜਾਂਦਾ ਜਾਂਦਾ ਨਿਗਾਹ ਹੇਠ ਦੀ ਕੱਢ ਜਾ।

ਰੂੜਾ — ਲਿਆ, ਕਿੱਥੋਂ ਆਈ ਏ ?

ਕੇਸਰੋ — ਓਸੇ ਦੀ ਏ, ਅਸਾਮੋਂ।

ਰੂੜਾ — ਹਾਲੇ ਅਸਾਮ ਈ ਏ ਉਹ ? ਮੈਂ ਤਾਂ ਸੁਣਿਆ ਸੀ ਪਈ ਉਸ ਦੀ ਬਦਲੀ ਮਦਰਾਸ ਦੀ ਹੋ ਗਈ ਸੀ।

ਕੇਸਰੋ — ਨਾ ਭਾਈ, ਸਰਕਾਰ ਉਸ ਨੂੰ ਓਥੇ ਈ ਬਹਾਲੀ ਬੈਠੀ ਏ। ਤੂੰ ਚੰਗਾ ਕੀਤਾ ਜੁ ਚਾਰ ਜਮਾਤਾਂ ਪੜ੍ਹ ਕੇ ਖੇਤ ਸਾਂਭ ਲਿਆ। ਵੀਰਾ, ਆਪਣੀ ਵਾਹੀ ਖੇਤੀ ਵਰਗਾ ਹੋਰ ਕੋਈ ਕੰਮ ਨਹੀਂ। ਸਾਰੀ ਉਮਰ ਬਗਾਨੇ ਹੱਥਾਂ ਵਲ ਦੇਖਣ ਨਾਲ ਕਦੇ ਪੂਰਾ ਨਹੀਂ ਪਿਆ। ਨੌਕਰਾਂ ਦੇ ਘਰ ਤਾਂ ਥੁੜ੍ਹ ਈ ਰਹਿੰਦੀ ਏ।

ਰੂੜਾ — ਆਪਣੀ ਅਕਲ ਤੇ ਬਗਾਨਾ ਧਨ ਸਦਾ ਈ ਵੱਡਾ ਲੱਗਦਾ ਏ, ਭਾਬੀ। ਵਾਹੀ ਖੇਤੀ ਵਿਚ ਵੀ ਕੁਝ ਨਹੀਂ ਪਿਆ। ਜਦ ਤੀਕ ਡੰਗਰਾਂ ਨਾਲ ਡੰਗਰ ਬਣ ਕੇ ਧਰਤੀ ਨਾ ਵਾਹੀਏ, ਧਰਤੀ ਵੀ ਕੁਝ ਪੱਲੇ ਨਹੀਂ ਪਾਉਂਦੀ। ਮੱਥੇ ਦਾ ਮੁੜ੍ਹਕਾ ਚੋਣ ਵਾਲੀ ਗੱਲ ਈ ਏ ਬਸ।

ਕੇਸਰੋ — ਵੀਰਾ, ਲਾਮ ਵਿਚ ਤਾਂ ਲਹੂ ਚੋਂਦਾ ਏ, ਇਹ ਮੁੜ੍ਹਕਾ ਚੋਣਾ ਕਿਤੇ ਚੰਗਾ। ਮੈਨੂੰ ਤਾਂ ਸਦਾ ਈ ਸਨਸਾ ਲੱਗਿਆ ਰਹਿੰਦਾ ਏ। ਹੁਣ ਤੂੰ ਕਿੱਥੇ ਚਲਿਆ ਸੈਂ ?

ਰੂੜਾ — ਕਚਹਿਰੀ। ਕੀ ਦੱਸਾਂ ਭਾਬੀ, ਉੱਥੇ ਸਾਡੇ ਖੇਤ ਦੇ ਲਾਗੇ ਨਿਹਾਲੇ ਤੇ ਰੁਲੀਏ ਵਿਚ ਖਾਲ ਉੱਤੇ ਝਗੜਾ ਹੋ ਗਿਆ ਬਾਰੀ ਰੁਲੀਏ ਦੀ ਸੀ, ਨਿਹਾਲੇ ਪਾਣੀ ਤੋੜ ਲਿਆ। ਫੇਰ ਕੀ ਸੀ, ਦੋਹਾਂ ਪਾਸਿਓਂ ਕਹੀਆਂ

ਤੇ ਡਾਂਗਾਂ ਲੈ ਕੇ ਆ ਗਏ — ਸਿਰਾਂ ਦੇ ਠੀਕਰੇ ਹੋ ਗਏ — ਲਹੂ ਦੇ ਖਾਲ ਵਗ ਤੁਰੇ। ਜੱਟ ਪਾਣੀ ਨਹੀਂ ਦੇਂਦਾ, ਆਪਣਾ ਲਹੂ ਭਾਵੇਂ ਡੋਲ੍ਹ ਦੇਵੇ। ਅੱਜ ਪੇਸ਼ੀ ਐ, ਮੈਂ ਉੱਥੇ ਈ ਚੱਲਿਆ ਹਾਂ।

ਕੇਸਰੋ—ਚੰਗਾ ਫੇਰ ਮੇਰੀ ਚਿੱਠੀ ਉਠਾ ਦੇ, ਛੇਤੀ ਛੇਤੀ।

ਉਹ ਉਸ ਨੂੰ ਖ਼ਤ ਫੜਾਉਂਦੀ ਹੈ। ਉਹ ਖ਼ਤ ਖੋਲ੍ਹ ਕੇ ਪੜ੍ਹਨ ਲੱਗਦਾ ਹੈ, ਪਰ ਉਹ ਆਪਣੀ ਗੱਲ ਜਾਰੀ ਰੱਖਦੀ ਹੈ।

ਫੂਕਰੇ, ਤੂੰ ਵਕਾਲੀ ਦੇ ਪਿਐਂ, ਨਹੀਂ ਤਾਂ ਸ਼ੈਂਤ ਮੈਨੂੰ ਸ਼ੰਭੂ ਮੁਨਸ਼ੀ ਕੋਲ ਜਾਣਾ ਪੈਂਦਾ ਜਾਂ ਜੀਵੇ ਵੈਦ ਕੋਲ। ਭਾਈ ਕੀ ਕਰਾਂ — ਸੱਤਵੇਂ ਦਿਨ ਚਿੱਠੀ ਆਉਂਦੀ ਏ, ਲਿਖਦਾ ਭਾਵੇਂ ਗੁਰਮੁਖੀ ਵਿਚ ਐ, ਪਰ ਮੈਂ ਤਾਂ ਪੈਂਤੀ ਵੀ ਨਹੀਂ ਜਾਣਦੀ — ਬਸ, ਏਸੇ ਤਰ੍ਹਾਂ ਕੋਠੇ ਕੋਠੇ ਲਈ ਫਿਰਦੀ ਆਂ। ਜੀ ਕਰਦਾ ਏ ਇਸ ਨੂੰ ਡੱਬੀ ਵਿਚ ਪਾ ਕੇ ਰੱਖਾਂ ਤੇ ਕਿਸੇ ਨੂੰ ਨਾ ਦਖਾਵਾਂ, ਪਰ ਪੜ੍ਹਾਉਣ ਲਈ ਹਰ ਜਣੇ ਖਣੇ ਅੱਗੇ ਹੱਥ ਅੱਡਣਾ ਪੈਂਦਾ ਏ — ਹਾਂ ਤੈਨੂੰ ਕੀ ਹੁੰਦਾ ਏ — ਰਤਾ ਪੜ੍ਹ ਦੇ।

ਉਹ ਪੜ੍ਹਨ ਲੱਗਦਾ ਹੈ, ਪਰ ਕੇਸਰੋ ਉਸੇ ਤਰ੍ਹਾਂ ਗੱਲਾਂ ਕਰੀ ਜਾਂਦੀ ਹੈ।

ਕੇਸਰੋ — ਪਿਛਲੀ ਚਿੱਠੀ ਵਿਚ ਉਸ ਲਿਖਿਆ ਸੀ ਪਈ ਉਸ ਨੂੰ ਤਾਪ ਚੜ੍ਹ ਗਿਆ ਸੀ — ਵੇਖੀਂ ਰਤਾ, ਇਸ ਵਿਚ ਖ਼ੈਰ ਸੁੱਖ ਤਾਂ ਲਿਖੀ ਹੋਈ ਏ ਨਾ। ਸੁਣਿਆ ਏ, ਓਥੇ ਖਾਣ ਨੂੰ ਬਸ ਚੌਲ ਮਿਲਦੇ ਨੇ। ਵੀਰਾ! ਆਪਣੇ ਘਰੋਂ ਬਾਹਰ ਰਵੇਲੀਆਂ ਪਈਆਂ ਪਈਆਂ ਨੇ ਕਿਤੇ ? ਤੇ ਫਿਰ ਆਪਣੇ ਖੇਤਾਂ ਵਰਗੀ ਕਣਕ ਮਿਲਦੀ ਐ ਕਿਤੇ ? ਸੁਣਿਆ ਏ ਓਥੇ ਤਾਂ ਪਾਣੀ ਨਾਲ ਸੱਤੂ ਘੋਲ ਲਏ ਜਾਂ ਚੌਲਾਂ ਦਾ ਫੱਕਾ ਮਾਰ ਲਓ। ਨੌਕਰੀ ਦੇ ਮਾਮਲੇ। ਅੱਛਾ ਪੜ੍ਹ ਦੇ ਛੇਤੀ ਛੇਤੀ, ਭਲਾ ਹੋਵੇ ਤੇਰਾ।

ਰੂੜਾ ਪੜ੍ਹਨ ਲੱਗਦਾ ਹੈ।

ਰੂੜਾ — ਲੈ ਸੁਣ!

ਕੇਸਰੋ — ਵੇਖੀਂ, ਜੇ ਏਸ ਵਿਚ ਕੋਈ ਉੱਦਾਂ ਦੀ ਗੱਲ ਹੋਵੇ ਤਾਂ ਮੂੰਹ ਵਿਚ ਈ ਪੜ੍ਹ ਜਾਵੀਂ...ਮੈਨੂੰ ਤੇਰੇ ਕੋਲੋਂ ਸੰਗ ਆਊ। ਮਰਦ ਤੀਵੀਂ ਦੀਆਂ ਸੌ ਗੱਲਾਂ ਹੁੰਦੀਆਂ ਨੇ, ਬੱਸ ਉਹ ਤੂੰ ਨਾ ਪੜ੍ਹੀਂ, ਬਾਕੀ ਸਾਰੀ ਚਿੱਠੀ ਪੜ੍ਹ ਦਵੀਂ।



ਰੂੜਾ — ਇਹ ਮੈਨੂੰ ਕੀਕਰ ਪਤਾ ਲੱਗੂ ਕਿ ਕੀ ਪੜ੍ਹਨਾ ਏ ਤੇ ਕੀ ਨਹੀਂ ?

ਕੇਸਰੋ — ਉਹ ਗੱਲਾਂ ਤੂੰ ਆਪੇ ਛੱਡ ਦੇਵੀਂ। ਸ਼ੰਭੂ ਮੁਨਸ਼ੀ ਤੋਂ ਕਈ ਵਾਰੀ ਪੜ੍ਹਵਾਈ ਏ, ਉਹ ਤਾਂ ਆਪੇ ਛੱਡ ਛੱਡ ਕੇ ਪੜ੍ਹ ਦੇਂਦਾ ਏ।

ਰੂੜਾ — ਖ਼ੌਰੇ ਕਿਹੜੀ ਗੱਲ ਛੱਡਣ ਵਾਲੀ ਏ, ਮੈਂ ਮਨੋਂ ਜੋੜ ਕੇ ਕਿਵੇਂ ਪੜ੍ਹ ਦੇਵਾਂ ?

ਕੇਸਰੋ — ਤਾਂ ਤੇਰੀ ਪੜ੍ਹਨ ਦੀ ਦਲੀਲ ਨਹੀਂ। ਲਿਆ ਫੜਾ ਮੇਰੀ ਚਿੱਠੀ, ਮੈਂ ਕਿਸੇ ਹੋਰ ਤੋਂ ਪੜ੍ਹਾ ਲਵਾਂਗੀ। ਤੈਨੂੰ ਤਾਂ ਕਚਹਿਰੀ ਦਾ ਬਹੁਤਾ ਫ਼ਿਕਰ ਏ।

ਰੂੜਾ — ਗੁੱਸੇ ਨਾ ਹੋਵੀਂ ਭਾਬੀ। ਮੈਂ ਚਿੱਠੀ ਤਾਂ ਸੱਤ ਵਾਰੀ ਪੜ੍ਹ ਦੇਵਾਂ, ਪਰ ਇਕ ਤਾਂ ਪੇਸ਼ੀ ਉੱਤੇ ਹਾਕ ਵੱਜਣ ਦਾ ਡਰ ਏ, ਦੂਜੇ ਤੂੰ ਵੀ ਔਖੀ ਸ਼ਰਤ ਲਾ ਦਿਤੀ।

ਕੇਸਰੋ — ਕੋਈ ਨਹੀਂ ਵੀਰਾ, ਮੈਂ ਭਲਾ ਗੁੱਸੇ ਕਿਉਂ ਹੋਣਾ ਹੋਇਆ।

ਰੂੜਾ ਕੇਸਰੋ ਨੂੰ ਖ਼ਤ ਫੜਾ ਕੇ ਚਲਾ ਜਾਂਦਾ ਹੈ। ਸੱਜੇ ਪਾਸਿਓਂ ਸਕੂਲ ਦੀ ਅਧਿਆਪਕਾ ਆਉਂਦੀ ਹੈ। ਅਧਿਆਪਕਾ ਨੂੰ ਤੱਕ ਕੇ ਕੇਸਰੋ ਦਾ ਮਨ ਖਿੜ ਜਾਂਦਾ ਹੈ।

ਕੇਸਰੋ —ਭੈਣ ਜੀ, ਸਤਿ ਸ੍ਰੀ ਅਕਾਲ ! ਭੈਣ ਜੀ, ਸ਼ੁਕਰ ਏ ਤੂੰ ਆ ਗਈ। ਮੈਂ ਹੁਣ ਤੇਰੇ ਕੋਲ ਈ ਚੱਲੀ ਸਾਂ। ਪਿਛਲੀ ਬਾਰੀ ਵੀ ਤੂੰ ਮੇਰੀ ਚਿੱਠੀ ਪੜ੍ਹੀ ਸੀ, ਏਸ ਬਾਰੀ ਵੀ ਤੇਰੇ ਬਾਝੋਂ ਹੋਰ ਕੋਈ ਨਹੀਂ ਪੜ੍ਹ ਸਕਦਾ।

ਅਧਿਆਪਕਾ — ਮੈਨੂੰ ਬੜੀ ਛੇਤੀ ਏ। ਮੈਂ ਸਕੂਲ ਜਾ ਰਹੀ ਹਾਂ, ਉਥੇ ਕੁੜੀਆਂ ਮੈਨੂੰ ਉਡੀਕਦੀਆਂ ਹੋਣਗੀਆਂ।

ਕੇਸਰੋ — ਸੱਚ ਭੈਣ ਜੀ, ਤੂੰ ਇਸ ਪਿੰਡ ਵਿਚ ਕਾਹਦੀ ਆਈ ਏਂ, ਸਾਡੇ ਭਾਗਾਂ ਨੂੰ ਤਾਂ ਬਿਦਿਆ ਦੇਵੀ ਆ ਗਈ ਏ। ਬੱਸ ਸਭਨਾਂ ਨੂੰ ਮੌਜ ਬਣ ਗਈ। ਲੈ ਮੇਰੀ ਆਹ ਚਿੱਠੀ ਤਾ ਪੜ੍ਹ ਦੇ।

ਅਧਿਆਪਕਾ— ਤੂੰ ਭਲਾ ਪੜ੍ਹਨਾ ਕਿਉਂ ਨਹੀਂ ਸਿਖ ਲੈਂਦੀ, ਇਸ ਤਰ੍ਹਾਂ ਜੁ ਜਣੇ ਖਣੇ ਦੇ ਤਰਲੇ ਪਈ ਕਰਦੀ ਏਂ।

ਕੇਸਰੋ — ਮੈਂ ਹੁਣ ਬੁੱਢੇ ਵਾਰੇ ਕੀ ਪੜ੍ਹਾਂਗੀ !

ਅਧਿਆਪਕਾ — ਕਿਉਂ ਨਹੀਂ, ਪੜ੍ਹਨਾ ਤਾਂ ਕਿਸੇ ਵੇਲੇ ਵੀ ਮਾੜਾ ਨਹੀਂ। ਅੱਜਕੱਲ੍ਹ ਤਾਂ ਸੱਠਾਂ ਸੱਠਾਂ ਸਾਲਾਂ ਦੇ ਲੋਕ ਵੀ ਪੜ੍ਹਦੇ ਹਨ।

ਕੇਸਰੋ — ਲਓ ਹੋਰ ਸੁਣੋ, ਬੁੱਢੀ ਘੋੜੀ ਤੇ ਲਾਲ ਲਗਾਮ ! ਲੋਕ ਕੀ ਆਖਣਗੇ।

ਜਿੱਥੇ ਐਨੀ ਉਮਰ ਲੰਘ ਗਈ, ਬਾਕੀ ਦੀ ਵੀ ਏਸੇ ਤਰ੍ਹਾਂ ਨਿਭ ਜਾਊ।
ਹਾਥੀ ਲੰਘ ਗਿਆ, ਪੂੰਛ ਕੀ ਅੜੀ ਰਹਿ ਜਾਊ ?

ਅਧਿਆਪਕਾ — ਏਹੀ ਤਾਂ ਸਾਡੀਆਂ ਤੀਵੀਆਂ ਵਿਚ ਘਾਟਾ ਏ। ਇਹ ਨਹੀਂ ਹੁੰਦਾ ਕਿ ਔਣ ਵਾਲੇ ਸਮੇਂ ਦਾ ਵੀ ਕੁਝ ਸੋਚਣ। ਜੇ ਤੂੰ ਅੱਜ ਪੜ੍ਹਨਾ ਸ਼ੁਰੂ ਕਰ ਦੇਵੇਂ ਤਾਂ ਛੀ ਮਹੀਨਿਆਂ ਵਿਚ ਈ ਚਿੱਠੀ ਪੜ੍ਹਨ ਜੋਗੀ ਹੋ ਜਾਵੇਂ। ਹਾਲੇ ਤੇਰੀ ਉਮਰ ਈ ਕੀ ਏ — ਮਸਾਂ ਪੱਚੀਆਂ ਸਾਲਾਂ ਦੀ ਹੋਵੇਂਗੀ, ਭਲਾ ਇਹ ਵੀ ਕੋਈ ਉਮਰ ਏ !

ਕੇਸਰੋ — ਭੈਣ ਜੀ, ਤੇਰੀਆਂ ਗੱਲਾਂ ਸੁਣ ਕੇ ਤਾਂ ਇਉਂ ਜੀ ਕਰਦਾ ਏ ਪਈ ਮੈਂ ਵੀ ਦੋ ਅੱਖਰ ਪੜ੍ਹ ਲਵਾਂ। ਹਲਾ, ਮੈਂ ਗੱਲ ਉੱਤੇ ਦਲੀਲ ਕਰਾਂਗੀ, ਤੂੰ ਹਾਲ ਦੀ ਘੜੀ ਤਾਂ ਮੇਰੀ ਚਿੱਠੀ ਪੜ੍ਹ।

ਅਧਿਆਪਕਾ — (ਚਿੱਠੀ ਪੜ੍ਹ ਕੇ ਸੁਣਾਉਂਦੀ ਹੈ।)

"ਮੇਰੀ ਕੇਸਰੋ ਕੋ ਫਤਹ ਬੁਲਾਈ ਜਾਏ, ਅਸਾਮ ਤੋਂ — ਹੁਣ ਅਸੀਂ ਤੰਬੂ ਮੇਂ ਰੈਹਣ ਲਗੇ ਹੈਂ। ਕੇਸਰੋ ਕੋ ਆਖ ਦਿਤਾ ਜਾਏ, ਭਾਵੇਂ ਬਰਖਾ ਯਾਹਾਂ ਅੰਤਾਂ ਕੀ ਹੁੰਦੀ ਐ, ਪਰ ਕੋਈ ਘਾਬਰੇ ਨਹੀਂ। ਬਸ ਰਾਤ ਕੋ ਪਿੱਸੂ ਤੇ ਮੱਛਰ ਵਾਢਦੇ ਹਨ। ਮੇਨੂੰ ਬਖਾਰ ਯਖ਼ਾਮ ਹੋ ਗਿਆ ਥਾ, ਅਬ ਅਰਮਾਨ ਹੈ — ਯਾਹਾਂ ਜੀਵੇ ਰਾਮ ਵੈਦ ਜੈਸਾ ਕੋਈ ਹਕੀਮ ਨਹੀਂ। ਹਾਂ, ਕੇਸਰੋ, ਏਧਰ ਆਓ — ਤੁਮ ਫ਼ਿਕਰ ਨ ਕਰਨਾ। ਮੈਂ ਛੇਤੀ ਹੀ ਮੁੜ ਆਊਂਗਾ। ਸਾਡੀ ਬੂਰੀ ਮਝ ਨੇ ਜੋ ਕੱਟਾ ਜੰਮਿਆ ਸੀ, ਉਸ ਦੀ ਲਾਤ ਕਾ ਕਿਆ ਹਾਲ ਹੈ ? ਢਾਂਢੀ ਕੀ ਸੌਂਹ, ਬੂਰੀ ਮਝ ਦੀਆਂ ਧਾਰਾਂ ਬਹੁਤ ਯਾਦ ਆਤੀ ਹੈਂ। ਯਾਹਾਂ ਖਾਣੇ ਕਾ ਚੰਗਾ ਇਨਤਯਾਮ ਨਹੀਂ। ਤੰਦੂਰ ਕੀਆਂ ਮਿਸੀਆਂ ਭੀ ਬਹੁਤ ਜਾਦ ਆਤੀ ਹੈਂ। ਮੈਂ ਨੇ ਚੌਥੇ ਡਾਕ ਰਾਹੀਂ ਤੁਮ ਕੋ ਏਥੋਂ ਕੀ ਲਈ ਹੋਈ ਇਕ ਪਰਾਂਦੀ ਭੇਜੀ ਸੀ, ਪਰਤਾਪੋ ਕੇ ਘਰ ਜਾ ਕੇ ਪੁੱਛ ਆਉਣਾ। ਉਸ ਕਾ ਜੋਗ ਸਿੰਹੁ ਸਾਡੀ ਫੌਜ ਵਿਚੋਂ ਕੁਝ ਦਿਨਾਂ ਕੀਆਂ ਛੁੱਟੀਆਂ ਕਾਟਨੇ ਆਊਗਾ। ਉਸ ਕੇ ਹੱਥ ਮੈਂ ਤੇਰੇ ਲਈ...

ਕੇਸਰੋ — ਬਸ ਬਸ, ਭੈਣ ਜੀ, ਅੱਗੇ ਨਾ ਪੜ੍ਹਨਾ ! ਉਹ ਮੈਨੂੰ ਕੀ ਭੇਜ ਰਿਹਾ ਏ, ਮੈਂ ਸਮਝ ਗਈ। ਬਸ, ਹੁਣ ਅੱਗੇ ਨਾ ਪੜ੍ਹੋ।

ਅਧਿਆਪਕਾ — ਬਸ ਅੱਗੇ ਤਾਂ ਉਸ ਦਾ ਨਾਂ ਈ ਏ, "ਲਖਾ ਸਿੰਘ।"

ਕੇਸਰੋ — ਲਿਆ, ਮੈਨੂੰ ਚਿੱਠੀ ਦੇ ਦੇ। ਮੈਂ ਹੁਣ ਜ਼ਰੂਰ ਪੜ੍ਹਨੇ ਪੈ ਜਾਵਾਂਗੀ।



ਅਧਿਆਪਕਾ — ਪਰ ਕੱਲੀ ਨਹੀਂ। ਮੈਂ ਤੈਨੂੰ ਪਹਿਲਾਂ ਵੀ ਆਖਿਆ ਸੀ ਕਿ ਜੇ ਘੱਟ ਤੋਂ ਘੱਟ ਚਾਰ ਤੀਵੀਆਂ ਹੋਣ, ਤਾਂ ਪੜ੍ਹਾਈ ਦਾ ਪਰਬੰਧ ਹੋ ਸਕਦਾ ਏ।

ਕੇਸਰੋ — ਚਾਰ ਤੀਵੀਆਂ ? ਚਾਰ ਤੀਵੀਆਂ ਮੈਂ ਕਿੱਥੋਂ ਲਿਆਵਾਂ ? ਏਸ ਪਿੰਡ ਵਿਚ ਤਾਂ ਚਾਰ ਚਿੜੀਆਂ ਵੀ ਜੁੜ ਕੇ ਨਹੀਂ ਬੈਠਦੀਆਂ।

ਅਧਿਆਪਕਾ — ਤੇਰੇ ਗੁਆਂਢ ਵਿਚ ਐਨੀਆਂ ਰਹਿੰਦੀਆਂ ਹਨ, ਸਭੇ ਅਨਪੜ੍ਹ ਹਨ। ਉਨ੍ਹਾਂ ਨੂੰ ਆਖੀਂ, ਰੋਟੀ ਟੁੱਕ ਤੋਂ ਵਿਹਲੀਆਂ ਹੋ ਕੇ ਪੜ੍ਹਨ ਆ ਜਾਇਆ ਕਰਨ।

ਕੇਸਰੋ — ਉਹਨਾਂ ਨੂੰ ਆਖਾਂਗੀ ਤਾਂ ਸਹੀ ਜੇ ਮੇਰੀ ਉਹ ਮੰਨ ਜਾਣ।

ਅਧਿਆਪਕਾ — ਮੈਨੂੰ ਤਾਂ ਬੜਾ ਚਿਰ ਹੋ ਗਿਆ ਏ। ਮੈਨੂੰ ਛੇਤੀ ਐ ਹੁਣ। ਜੇ ਤੇਰੇ ਗੁਆਂਢ ਦੀਆਂ ਤਿੰਨ ਤੀਵੀਆਂ ਹੋਰ ਪੜ੍ਹਨ ਲਈ ਤਿਆਰ ਹੋ ਜਾਣ ਤਾਂ ਮੈਨੂੰ ਦੱਸ ਦੇਵੀਂ।

ਅਧਿਆਪਕਾ ਖੱਬੇ ਪਾਸੇ ਚਲੀ ਜਾਂਦੀ ਹੈ ਤੇ ਕੇਸਰੋ ਮੁੜ ਆਪਣੇ ਘਰ ਦਾ ਬੂਹਾ ਖੋਲ੍ਹ ਕੇ ਅੰਦਰ ਜਾਂਦੀ ਹੈ।
ਰੱਖੋ ਤੇ ਨੱਥੀ ਗੱਲਾਂ ਕਰਦੀਆਂ ਆਉਂਦੀਆਂ ਹਨ।

ਰੱਖੋ — ਭੈਣੇ, ਸਵੇਰ ਦਾ ਉਹ ਭੁੰਜੇ ਲਾਹਿਆ ਪਿਆ ਸੀ, ਹੁਣ ਮਸਾਂ ਅਰਥੀ ਲੈ ਕੇ ਤੁਰੇ ਨੇ — ਬੜੇ ਈ ਜਿੱਲ੍ਹੇ ਨੇ। ਏਹ ਨਹੀਂ ਹੋਇਆ ਪਈ ਬੁੱਢਾ ਮਰ ਗਿਆ ਤਾਂ ਹੁਣ ਸਬੂਰੀ ਕਰੋ। ਉਸ ਦੀ ਭਾਬੀ ਦੇਖੀ ਸੀ, ਕਿਵੇਂ ਚਾਂਗਰਾਂ ਮਾਰਦੀ ਸੀ, ਜਿਵੇਂ ਜੁਆਨ ਪੁੱਤ ਮਰ ਗਿਆ ਹੋਵੇ। ਹਾਏ ! ਮੈਨੂੰ ਤਾਂ ਬੜਾ ਚਿਰ ਹੋ ਗਿਆ। ਮੈਂ ਤਾਂ ਘਰ ਦਾ ਦਾਣਾ ਫੱਕਾ, ਚੁੱਲ੍ਹਾ ਚੌਂਕਾ ਉਸੇ ਤਰ੍ਹਾਂ ਸੁੱਟ ਕੇ ਨੱਸੀ ਗਈ। ਤੂੰ ਤਾਂ ਰੋਟੀਆਂ ਪਕਾ ਕੇ ਆਈ ਸੀ ਨਾ ? ਪੂਰਾ ਅੱਸੀਆਂ ਸਾਲਾਂ ਦਾ ਸੀ, ਛੇਕੜ ਮਰਨਾ ਈ ਸੀ ਨਾ।

ਨੱਥੀ — ਨੀ ਉਹ ਮਰੂੰ ਮਰੂੰ ਤਾਂ ਕਦੇ ਦਾ ਕਰਦਾ ਸੀ। ਦੋ ਮਹੀਨਿਆਂ ਦਾ ਮੰਜੀ ਮੱਲੀ ਪਿਆ ਸੀ, ਉਸ ਬਚਣਾ ਕਿੱਥੇ ਸੀ !

ਕੇਸਰੋ — (ਆਪਣੇ ਘਰ ਦੇ ਬੂਹੇ ਤੋਂ) ਨੀ ਤੁਸੀਂ ਕਿੱਥੋਂ ਆਈਆਂ ਓ ਐਡੀ ਛੇਤੀ ਛੇਤੀ ?

ਰੱਖੋ — ਕੀ ਦੱਸੀਏ, ਭੈਣੇ, ਨਿਹਾਲੀ ਦਾ ਬਾਬਾ ਪੂਰਾ ਹੋ ਗਿਆ ਸੀ, ਉਸ ਨੂੰ

ਜਾਮਨ ਬਣਿਆ ਸੀ। ਲੈਣ ਵਾਲਾ ਤੇ ਦੇਣ ਵਾਲਾ ਦੋਵੇਂ ਨਿਕਲ ਗਏ ਤੇ ਅਸੀਂ ਵਿਚਾਰੇ ਫਸ ਗਏ। ਤੇਰੀ ਇਹ ਗੱਲ ਹੈ ਤਾਂ ਠੀਕ—ਪੜ੍ਹਨਾ ਵੀ ਚਾਹੀਦਾ ਏ। ਪਰ ਮੈਨੂੰ ਤਾਂ ਇੰਝ ਲਗਦੈ ਜੇ ਅਸੀਂ ਪੋਥੀਆਂ ਚੁੱਕ ਕੇ ਮਦਰੱਸੇ ਗਈਆਂ ਤਾਂ ਸਾਰਾ ਗੁਆਂਢ ਦੰਦੀਆਂ ਕਢੂਗਾ। ਆਖਣਗੇ, 'ਲਓ, ਏਹਨਾਂ ਨੂੰ ਵੀ ਹੁਣ ਸ਼ੌਕ ਮਾਰਿਆ ਏ ਪੜ੍ਹਨ ਦਾ'।

ਕੇਸਰੋ — ਨੀ ਤੁਸੀਂ ਕੋਈ ਚੋਰੀ ਕਰਨ ਚਲੀਆਂ ਓ ਜੋ ਤੁਹਾਨੂੰ ਕਿਸੇ ਦਾ ਡਰ ਏ ?

ਨੱਥੀ — ਚੰਗਾ—ਫੇਰ ਕਲ ਨੂੰ ਫੱਟੀਆਂ ਤੇ ਪੋਥੀਆਂ ਚੁੱਕ ਕੇ ਜਾਇਆ ਕਰਾਂਗੀਆਂ।

ਕੇਸਰੋ — ਮੈਂ ਤਾਂ ਤਿਆਰ ਆਂ, ਪਰ ਤੂੰ ਨਾ ਫੇਰ ਮੁਕਰ ਜਾਈਂ।

ਨੱਥੀ — ਨਹੀਂ, ਮੈਂ ਬੋਲੇ ਤੋਂ ਨਹੀਂ ਖੁੰਝਦੀ, ਤਿਆਰ ਰਹੀਂ।

ਰੱਖੋ — ਰੋਟੀ ਟੁਕ ਕਰ ਕੇ ਬੇਹਲੀ ਹੋਵਾਂਗੀ ਤਾਂ ਸਿੱਧੀ ਏਧਰ ਆ ਜਾਵਾਂਗੀ। ਪੜ੍ਹਨ ਦੀ ਕਸਰ ਸੀ ਉਹ ਵੀ ਪੂਰੀ ਕਰ ਲਈਏ। ਇਹ ਪੜ੍ਹਾਈ ਵਾਲਾ ਕੰਡਾ ਵੀ ਰੜਕਦਾ ਨਾ ਰਹੇ, ਇਸ ਨੂੰ ਵੀ ਕੱਢ ਹੀ ਛੱਡੀਏ।

ਅਤਰੀ ਆਉਂਦੀ ਹੈ। ਬੜੀ ਗਲਾਧੜ ਤੇ ਤੇਜ਼ ਜ਼ਨਾਨੀ। ਸਾਰਾ ਮਹੱਲਾ ਇਸ ਤੋਂ ਦੱਬਦਾ ਹੈ।

ਅਤਰੀ — ਨੀ ਤਿੰਨੇ ਰਲ਼ ਕੇ ਕੀ ਗੁਟਮਤੇ ਪਾਸ ਕਰਨ ਲੱਗੀਆਂ ਓ ? ਤਿੰਨਾਂ ਦੀ ਸਲਾਹ ਠੀਕ ਨਹੀਂ ਹੁੰਦੀ, ਮੈਨੂੰ ਵੀ ਪੁੱਛ ਲਓ ?

ਨੱਥੀ — ਬੇਬੇ ਅਸੀਂ ਸਲਾਹ ਪਕਾਈ ਏ ਪਈ ਦਿਨ ਵੇਲੇ ਜੁ ਅਸੀਂ ਬੇਹਲੀਆਂ — ਕਦੀ ਇਸ ਡੇਉਢੀ ਬੈਠ ਕੇ ਕਿਸੇ ਦੀ ਚੁਗਲੀ ਕਰ, ਕਦੀ ਉਸ ਦੇ ਬੇਹੜੇ ਬੈਠ ਕਿਸੇ ਦੀ ਨਿੰਦਾ ਕਰ,—ਇਸ ਤੋਂ ਤਾਂ ਰਲ ਕੇ ਪੜ੍ਹਨ ਈ ਬੈਠ ਜਾਈਏ। ਦੋ ਗੱਲਾਂ ਸਿਖਾਂਗੀਆਂ, ਕੁਝ ਅਕਲ ਆਊਗੀ। ਬਸ ਏਹੀਓ ਸਲਾਹ ਕਰਦੀਆਂ ਸਾਂ ਕਿ ਉਤੋਂ ਤੂੰ ਆ ਗਈ।

ਅਤਰੀ — ਕਿਸੇ ਠੀਕ ਆਖਿਆ ਏ, ਤੀਵੀਆਂ ਦੀ ਮਤ ਗੁਤ ਪਿੱਛੇ ਹੁੰਦੀ ਏ। ਨੀ ਹੁਣ ਭੇਡਾਂ ਨੂੰ ਵੀ ਜਖਾਮ ਹੋਣ ਲੱਗਿਆ ਏ — ਬੁੱਢੀਆਂ ਠੇਰੀਆਂ, ਹੁਣ ਤੁਸੀਂ ਪੜ੍ਹੋਗੀਆਂ ? ਕਿਤੇ ਮਸ਼ਕਰੀ ਤਾਂ ਨਹੀਂ ਕਰਦੀਆਂ ਮੇਰੇ ਨਾਲ ?

ਕੇਸਰੋ — ਨਹੀਂ ਤਾਈ ਸੱਚ ਏ। ਅਸੀਂ ਹੁਣ ਪੜ੍ਹਨ ਦਾ ਨਿਸ਼ਚਾ ਧਾਰ ਲਿਆ ਏ।



ਅਤਰੀ — ਨੀ ਰਹਿਣ ਦੇ ਅਲ ਬਲੱਲੀਆਂ ਨੂੰ। ਘਰ ਦਾ ਧੰਦਾ ਸਾਂਭੋਗੀਆਂ ਕਿ ਪੜ੍ਹੋਗੀਆਂ ? ਤੇ ਨਾਲੇ ਨੱਥੀਏ, ਹੁਣ ਤੇਰੇ ਸਤਸੰਗ ਦਾ ਵੇਲਾ ਏ ਕਿ ਪੜ੍ਹਨ ਦਾ ?

ਕੇਸਰੋ — ਬੇਬੇ, ਤੀਵੀਆਂ ਦਾ ਸਤਸੰਗ ਤਾਂ ਬਸ ਲੜਾਈ ਝਗੜਾ ਏ, ਜਿੰਨਾ ਮਰਜੀ ਏ ਕਰਾ ਲਓ। ਮੈਂ ਤਾਂ ਸੁਣਿਆ ਏ ਪਈ ਬਾਹਰਲੇ ਦੇਸ਼ਾਂ ਦੀਆਂ ਤੀਵੀਆਂ ਤਾਂ ਸੱਠ ਸੱਠ ਸਾਲ ਦੀਆਂ ਵੀ ਪੜ੍ਹਦੀਆਂ ਨੇ।

ਅਤਰੀ — ਨੀ ਮੇਮਾਂ ਦਾ ਕੀ ਏ ? ਉਹ ਤਾਂ ਸੱਠਾਂ ਸਾਲਾਂ ਦੀਆਂ ਹੋ ਕੇ ਵੀ ਬੱਲ੍ਹਾਂ ਤੇ ਸੁਰਖੀ ਤੇ ਗੱਲ੍ਹਾਂ ਉਤੇ ਪੋਡਰ ਥਪਦੀਆਂ ਨੇ — ਭੂਤਨੀਆਂ ਕਿਸੇ ਥਾਂ ਦੀਆਂ। ਸੱਠਾਂ ਸਾਲਾਂ ਦੀਆਂ ਵੀ ਮੁਟਿਆਰਾਂ ਵਾਂਗ ਤੁਰਦੀਆਂ ਨੇ, ਪਤਾ ਨਹੀਂ ਕੀ ਖਾਂਦੀਆਂ ਨਿਘਰਦੀਆਂ ਨੇ — ਸੁਣਿਐ ਏ ਦਾਰੂ ਪੀਂਦੀਆਂ ਨੇ — ਤਦੇ ਭਾਵੇਂ ਨਚਾ ਲਓ, ਟਪਾ ਲਓ — ਕਿਹੜਾ ਥਕਦੀਆਂ ਨੇ। ਸਰਮ ਹਿਆ ਤਾਂ ਉੱਕੀ ਨਹੀਂ। ਪੜ੍ਹਨ ਤੇ ਨੱਚਣ ਤੋਂ ਬਾਝ ਕੰਮ ਵੀ ਹੋਰ ਕੀ ਐ ?

ਰੱਖੋ—ਤੂੰ ਐਡੀ ਪੜ੍ਹਨ ਦੇ ਉਲਟ ਕਿਉਂ ਬੋਲਦੀ ਐਂ ?

ਅਤਰੀ — ਨੀ ਮੈਂ ਦੇਖੀਆਂ ਨੇ ਇਹ ਫੂਕ ਜਾਣੀਆਂ ਪੜ੍ਹਾਈਆਂ। ਉਹ ਧੰਨੋ ਦੀ ਧੀ ਪੜ੍ਹਨ ਲੱਗੀ ਸੀ ਨਾ — ਪੜ੍ਹ ਕੇ ਬਸ ਅੱਖ ਮਟੱਕੇ ਲਾਉਣ ਬਾਝੋਂ ਉਹਨੂੰ ਹੋਰ ਕੋਈ ਕੰਮ ਈ ਨਾ ਰਿਹਾ। ਅਜੇਹੀ ਚੰਦਰੀ ਪੜ੍ਹਾਈ ਨੂੰ ਕੀ ਅਸੀਂ ਚੁੱਲ੍ਹੇ ਵਿਚ ਝੋਕਣਾ ਏਂ ? ਨਾਲੇ ਕਾਕੋ, ਪੜ੍ਹਾਈ ਲਿਖਾਈ ਹੁੰਦੀ ਏ ਨਿੱਕੀ ਉਮਰੇ, ਕਦੇ ਬੁੱਢੇ ਤੋਤੇ ਵੀ ਪੜ੍ਹੇ ਨੇ ?

ਕੇਸਰੋ — ਸਗੋਂ ਵਡਿਆਂ ਹੋ ਕੇ ਤਾਂ ਝਟ ਈ ਪੜ੍ਹਨਾਂ ਆ ਜਾਂਦਾ ਏ, ਬਸ ਮਨ ਨੂੰ ਤਗੜਾ ਕਰਨ ਦੀ ਲੋੜ ਏ।

ਅਤਰੀ — ਕਿਉਂ ਨੀ ਰੱਖੋ ! ਦਰਜਨ ਤੇਰੇ ਨਿੱਕੇ ਨਿਆਣੇ, ਤੂੰ ਉਨ੍ਹਾਂ ਨੂੰ ਸਾਂਭੇਂਗੀ ਕਿ ਪੋਥੀਆਂ ਪੜ੍ਹੇਂਗੀ ?

ਰੱਖੋ — ਬੇਹਲੇ ਵੇਲੇ ਪੜ੍ਹਿਆ ਵੀ ਕਰਾਂਗੀ, ਤਾਈ।

ਅਤਰੀ — ਅੱਜ ਕੱਲ੍ਹ ਦੇ ਸਮੇਂ ਵਿਚ ਸਿਰ ਖੁਰਕਣ ਦੀ ਤਾਂ ਬੇਹਲ ਨਹੀਂ, ਪਤਾ ਨਹੀਂ ਤੂੰ ਕਿਥੋਂ ਬੇਹਲ ਕੱਢ ਲਵੇਂਗੀ। ਮੁੰਡੇ ਕੁੜੀਆਂ ਸਾਂਭੀਦੇ ਨਹੀਂ, ਤੇ ਚਲੀਏ ਪਾੜ੍ਹਤਾਂ ਪੜ੍ਹਨ ! ਤੀਵੀਂ ਨੂੰ ਕੀ ਆਖੇ ਪੜ੍ਹਨਾ ? ਸਾਡੇ ਤਾਂ ਧਰਮ ਵਿਚ ਵੀ ਲਿਖਿਆ ਏ ਪਈ ਤੀਵੀਂ ਲਈ ਬਿਦਿਆ ਮਾੜੀ। ਪਹਿਲਾਂ ਅਨਪੜ੍ਹ ਸਨ ਤਾਂ ਸੁਖੀ ਰਹਿੰਦੀਆਂ ਸਨ, ਹੁਣ ਜਦ ਦੀਆਂ

ਪੜ੍ਹਾਈਆਂ ਰੂੜੀਆਂ ਨੇ, ਸਭਨਾਂ ਦੇ ਕੋਠਿਆਂ ਦੇ ਦਾਣੇ ਮੁੱਕੇ ਰਹਿੰਦੇ ਨੇ — ਅਜੇਹੀ ਕਾਲੇ ਮੂੰਹ ਵਾਲੀ ਆਈ ਏ ਪੜ੍ਹਾਈ !

ਕੇਸਰੋ — ਦੋ ਅੱਖਰ ਪੜ੍ਹ ਜਾਵਾਂਗੀ ਤੇ ਵੇਲੇ ਕੁਵੇਲੇ ਚਿੱਠੀ ਪੱਤਰ ਪੜ੍ਹਨ ਦੀ ਈ ਲੋੜ ਪੈ ਜਾਂਦੀ ਏ ।

ਅਤਰੀ — ਰੱਬ ਜੇਹੀ ਲੋੜ ਕਿਸੇ ਨੂੰ ਨਾ ਪਾਵੇ, ਬੀਬਾ ।

ਰੱਖੋ — ਅਸੀਂ ਤਾਂ ਮਨ ਵਿਚ ਪੱਕਾ ਨਿਸਚਾ ਕਰ ਲਿਆ ਏ ਪਈ ਪੜ੍ਹਾਂਗੀਆਂ । ਸਾਨੂੰ ਭੈਣ ਜੀ ਨੇ ਆਖਿਆ ਏ, ਉਹ ਸਾਨੂੰ ਉਡੀਕੂਗੀ ।

ਅਤਰੀ — ਇਹਨਾਂ 'ਭੈਣ ਜੀਆਂ' ਨੇ ਤਾਂ ਆਖਣਾ ਈ ਹੋਇਆ, 'ਪੜ੍ਹ ਲਓ' ! ਤਨਖ਼ਾਹਾਂ ਜੋ ਖਾਂਦੀਆਂ ਨੇ, ਤੇ ਥੋਡੇ ਵਰਗੀਆਂ ਭੇਡਾਂ ਦਾ ਘਾਟਾ ਏ ਪਿੰਡ ਵਿਚ ? ਹੂੰਹ ! ਪੜ੍ਹਨ ਚਲੀਆਂ ਨੇ ! ਨੀ ਪੜ੍ਹ ਕੇ ਕੀ ਤੁਸੀਂ ਦਫਤਰ ਛਾਪਣੇ ਨੇ ਕਿ ਨੌਕਰੀਆਂ ਕਰਨੀਆਂ ਨੇ ਕਿ ਮੇਜਾਂ ਕੁਰਸੀਆਂ ਉਤੇ ਬੈਠਣੈ ?

ਕੇਸਰੋ — ਲੈ ਭੈਣ ਜੀ ਨੂੰ ਕੀ ਲੋੜ ਐ ? ਇਕ ਤਾਂ ਵਿਚਾਰੀ ਆਪਣਾ ਡਮਾਕ ਪੋਲਾ ਕਰੇ ਤੇ ਸਾਨੂੰ ਪੜ੍ਹਾਏ ਦੂਜੇ ਅਸੀਂ ਉਹਦੇ ਸਿਰ ਚੜ੍ਹੀਏ ।

ਅਤਰੀ — ਨੀ ਮੇਰੇ ਵਲੋਂ ਸਾਰੀਆਂ ਖੂਹ 'ਚ ਡਿੱਗੋ — ਬਸ਼ੱਕ ਵਿਹੜੇ ਵਿਚ ਗਿੱਧੇ ਪਾਓ, ਨੱਚੋ, ਟੱਪੋ, ਛਾਲਾਂ ਮਾਰੋ, ਮੇਮਾਂ ਵਾਂਗ ਖੁੱਲ੍ਹੇ ਚੂੰਡੇ ਫਿਰੋ — ਮੈਨੂੰ ਕੀ ? ਪੜ੍ਹ ਲਿਖ ਕੇ ਤੁਸੀਂ ਮੇਮਾਂ ਬਣਨਾ ਏਂ ਕਿਤੇ ? ਨੀ ਭਲਾ ਕੇਸਰੋ ਨੂੰ ਤਾਂ ਫਿੜਕ ਵੱਜੀ ਹੋਈ ਐ, ਥੋਨੂੰ ਦੋਹਾਂ ਨੂੰ ਕੀ ਹੋਇਆ ? ਇਹ ਕੇਸਰੋ ਤਾਂ ਹੋਈ ਉਡਣ ਖਟੋਲਾ — ਅਖੇ, ਮੀਆਂ ਮੇਰਾ ਘਰ ਨਹੀਂ, ਮੈਨੂੰ ਕਿਸੇ ਦਾ ਡਰ ਨਹੀਂ । ਪਰ ਰੱਖੀਏ, ਜੇ ਆਥਨੇ ਤੇਰੇ ਖਸਮ ਨੂੰ ਪਤਾ ਲੱਗਿਆ ਤਾਂ ਉਸ ਤਾਂ ਟੰਬਾ ਚੁੱਕ ਲੈਣਾ ਏ । ਤੀਵੀਂ ਨੂੰ ਤਾਂ ਧੌੜੀ ਦੀ ਜੁੱਤੀ ਚਾਹੀਦੀ ਏ — ਤਦੇ ਰਾਸ ਆਉਂਦੀ ਏ । ਰਤਾ ਖੁੱਲ੍ਹ ਦਿਓ, ਬਸ ਫਿਰ ਕੀ ਐ ।

ਰੱਖੋ — ਨੱਥੀਏ, ਤਾਈ ਆਖਦੀ ਤਾਂ ਠੀਕ ਏ । ਪਹਿਲਾਂ ਘਰ ਤੋਂ ਤਾਂ ਪੁੱਛ ਲਈਏ ।

ਨੱਥੀ — ਘਰੋਂ ਤਾਂ ਮੈਂ ਵੀ ਨਹੀਂ ਪੁੱਛਿਆ । ਬਸ ਮੇਰਾ ਵੀ ਤੇਰੇ ਵਾਲਾ ਹਾਲ ਏ — ਜਿਸ ਲਾਈਂ ਗੱਲੀਂ, ਓਸੇ ਨਾਲ ਤੁਰ ਚੱਲੀ ।

ਕੇਸਰੋ — ਤਾਂ ਤੁਸੀਂ ਮੇਰੇ ਨਾਲ ਨਹੀਂ ਜਾਣਾ ?

ਰੱਖੋ — ਕਲ੍ਹ ਨੂੰ ਸਲਾਹ ਪਕਾ ਕੇ ਚੱਲਾਂਗੀਆਂ ।



ਨੱਥੀ — ਹਾਂ, ਸਲਾਹ ਪਕਾ ਕੇ ।

ਕੇਸਰੋ — ਸਲਾਹ ਪਕਾਉਣ ਨੂੰ ਕੀ ਤੁਸੀਂ ਨਿਉਂਦਾ ਪਾਉਣਾ ਏ, ਜਾਂ ਛੱਕ

ਭਰਨੀ ਏ ? ਭਲਾ ਪੜ੍ਹਨ ਲੱਗੇ ਵੀ ਦਲੀਲਾਂ ?

ਰੱਖੋ — ਦਲੀਲ ਕਰਨ ਵਿਚ ਭਲਾ ਕੀ ਹਰਜ ਏ ? ਜੋ ਕੰਮ ਸੋਚ ਕੇ

ਕਰੀਏ, ਉਸ ਉਤੇ ਪਛਤਾਵਾ ਨਹੀਂ ਹੁੰਦਾ ।

ਕੇਸਰੋ — ਚੰਗਾ, ਤੁਸੀਂ ਸੋਚਦੀਆਂ ਰਹੀਓ, ਮੈਂ ਤਾਂ ਜਾਵਾਂਗੀ ।

ਅਤਰੀ — ਨੀ ਜਾਣ ਦਿਓ ਏਸ ਕਾਹਲੀ ਨੂੰ — ਉਥੇ ਏਸ ਦੀ ਭੈਣ ਜੀ ਇਸ ਲਈ ਖੀਰ ਦਾ ਛੰਨਾ ਲਈ ਬੈਠੀ ਏ ਨਾ । ਕੁੜੇ, ਮੈਂ ਤਾਂ ਆਪ ਜਾਣਾ ਸੀ ਤੇ ਜਾ ਕੇ ਮੁਨਸ਼ੀਆਂ ਦੇ ਮੁੰਡੇ ਦਾ ਹਾਲ ਪੁੱਛਣਾ ਸੀ — ਐਵੇਂ ਥੋਡੇ ਨਾਲ ਗੱਲੀਂ ਲੱਗ ਪਈ । ਸੁਣਿਆ ਏ, ਉਸ ਨੂੰ ਖਸਰਾ ਨਿਕਲਿਆ ਹੋਇਐ । ਬਸ ਓਧਰ ਈ ਚੱਲੀ ਸਾਂ । ਨਾਲੇ ਹੁਕਮੇ ਦੀ ਬਹੂ ਸੁਨਿਆਰਾਂ ਦੇ ਮੁੰਡੇ ਨਾਲ ਨਿਕਲ ਗਈ, ਤੁਸੀਂ ਇਹ ਗੱਲ ਸੁਣੀ ?

ਰੱਖੋ — ਨਾ ।

ਨੱਥੀ — ਮੈਂ ਤਾਂ ਆਪ ਨਹੀਂ ਸੁਣੀ ।

ਅਤਰੀ — ਥੋਨੂੰ ਪਿੰਡ ਦੀਆਂ ਗੱਲਾਂ ਦੀ ਕੀ ਪਈ, ਉਂਝ ਦੂਜੇ ਦੇਸਾਂ ਦਾ ਹਾਲ ਫੋਲਣ ਨੂੰ ਮਰਦੀਆਂ ਓ । ਅਖੇ ਅੰਨੀ ਕੁੱਤੀ ਤੇ ਜਲੇਬੀਆਂ ਦੀ ਰਾਖੀ ।

ਕੇਸਰੋ — ਸਾਨੂੰ ਦੂਜਿਆਂ ਦੇ ਮਾਮਲਿਆਂ ਨਾਲ ਕੀ, ਸਾਥੋਂ ਤਾਂ ਆਪਣੇ ਧੰਦੇ ਹੀ ਨਹੀਂ ਨਬੇੜ ਹੁੰਦੇ ।

ਅਤਰੀ — ਆਂਢ ਗੁਆਂਢ ਦਾ ਦੁੱਖ ਵੀ ਤਾਂ ਆਪਣਾ ਈ ਹੁੰਦਾ ਏ । ਹੁਣ ਮੇਰੇ ਘਰ ਭਾਵੇਂ ਨਿਆਣੇ ਰੋਟੀ ਨੂੰ ਬੈਠੇ ਹੋਣਗੇ ਤੇ ਉਹ ਭਾਵੇਂ ਹੱਟੀ ਉਤੇ ਦੁੱਧ ਲੱਸੀ ਨੂੰ ਝਾਕਦਾ ਹਊ, ਪਰ ਮੁਨਸ਼ੀਆਂ ਦੇ ਮੁੰਡੇ ਦੀ ਖ਼ਬਰ ਕਿਵੇਂ ਨਾ ਲੈਣ ਜਾਵਾਂ ?

ਕੇਸਰੋ — ਤੁਸੀਂ ਤਾਂ ਗੱਲਾਂ ਛਾਂਟੋ, ਮੈਂ ਜਾਨੀ ਆਂ ।

ਕੇਸਰੋ ਚਲੀ ਜਾਂਦੀ ਹੈ ।

ਅਤਰੀ — ਹੂੰਹ ! ਹੁਣੇ ਤੋਂ ਹੀ ਕਿੰਨਾ ਡਮਾਕ ਹੋ ਗਿਆ ਏ ਰੰਨ ਦਾ ! ਹਾਲੇ ਤਾਂ ਪੜ੍ਹੀ ਨਹੀਂ, ਹੁਣੇ ਤੋਂ ਕਿਵੇਂ ਨੱਕ ਬੁੱਲ੍ਹ ਟੇਰਨ ਲੱਗ ਪਈ ਏ । ਮੈਂ ਜਾਣਦੀ ਆਂ ਜਿਹੜਾ ਇਸ ਪੜ੍ਹ ਜਾਣਾ ਏ — ਗੰਜੀ ਬਾਂਦਰੀ ਤੇ ਸਿਰ ਨੂੰ ਅਤਰ-ਫਲੇਲ ! ਤੁਸੀਂ ਦੋਵੇਂ ਵੀ ਇਸ ਦੀਆਂ ਪਿੱਠੀਆਂ

ਮਿੱਠੀਆਂ ਗੱਲਾਂ ਸੁਣ ਕੇ ਤੁਰ ਪਈਆਂ ਸੀ ਇਸ ਦੇ ਮਗਰੇ। ਆਪਣੇ ਢਿੱਡ ਵਿਚ ਕੁਝ ਅਕਲ ਹੋਵੇ ਤੇ ਵਰਤੇ ਨਾ।

ਰੱਖੋ, ਨੱਥੀ — ਚੰਗਾ ਬੇਬੇ ਅਸੀਂ ਚਲਦੀਆਂ ਹੁਣ।

ਰੱਖੋ ਤੇ ਨੱਥੀ ਦੋਵੇਂ ਚਲੀਆਂ ਜਾਂਦੀਆਂ ਹਨ। ਅਤਰੀ ਹੌਲੀ ਹੌਲੀ ਤੁਰਦੀ ਹੋਈ ਹੱਟੀ ਪਿੱਛੋਂ ਆਪਣੇ ਘਰ ਅੰਦਰ ਚਲੀ ਜਾਂਦੀ ਹੈ।

ਗਲੀ ਵਿਚੋਂ ਗਰੀਬੂ ਸ਼ਾਹ ਵਹੀ ਚੁੱਕੀ ਆਉਂਦਾ ਹੈ ਤੇ ਆ ਕੇ ਹੱਟੀ ਉੱਤੇ ਬੈਠ ਜਾਂਦਾ ਹੈ।

ਗਰੀਬੂ ਸ਼ਾਹ — (ਹੱਟੀ ਨੂੰ ਸੁੰਞਾ ਵੇਖ ਕੇ) ਲੈ ਦੇਖ, ਫਿਰ ਦੌੜ ਗਿਆ ਕਿਤੇ ਟੱਪਣੀ ਦਾ। (ਮੱਥੇ ਦਾ ਮੁੜ੍ਹਕਾ ਪੂੰਝ ਕੇ) ਏਸ ਚੰਦਰੀ ਉਲਾਦ ਨਾਲ ਕਰ ਲਈਆਂ ਕਮਾਈਆਂ!

ਉਹ ਹੁੱਕੇ ਦੀ ਘੁੱਟ ਭਰਦਾ ਹੈ। ਚਿਲਮ ਵਿਚ ਅੱਗ ਬੁਝ ਚੁੱਕੀ ਹੋਣ ਕਰ ਕੇ ਸੂਟਾ ਠੀਕ ਨਹੀਂ ਲੱਗਦਾ।

ਗਰੀਬੂ ਸ਼ਾਹ — (ਹਾਕ ਮਾਰ ਕੇ) ਓਏ ਬੁਲਦੂ! ਆਉਣ ਦੇ ਅੱਜ, ਇਸ ਦੀ ਛੰਡਾਈ ਕਰਾਂਗਾ।

ਨੜੀ ਮੂੰਹ ਵਿਚ ਲੈ ਕੇ ਉਹ ਮੁੜ ਹਿਸਾਬ ਵਿਚ ਜੁਟ ਜਾਂਦਾ ਹੈ।

ਹੱਟੀ ਅੰਦਰਲਾ ਬੂਹਾ ਖੋਲ੍ਹ ਕੇ ਅਤਰੀ ਆਉਂਦੀ ਹੈ।

ਗਰੀਬੂ ਸ਼ਾਹ — (ਹਿਸਾਬ ਜੋੜਦੇ ਹੋਏ) ਛੀ...ਛੀ...ਤੇ ਤਿੰਨ ਨੌਂ...ਨੌਂ...ਨੌਂ ਤੇ ਇਕ ਦਸ...ਦਸ.. ਹੇਠਾਂ ਆਇਆ ਕੁਛ ਨਹੀਂ...ਕੁਛ ਨਹੀਂ।

ਅਤਰੀ — ਕਦੇ ਕੁਝ ਆਇਆ ਵੀ ਐ? ਸਵੇਰੇ ਦਾ ਬਸ ਇਹੋ "ਕੁਸ਼ ਨਹੀਂ ਕੁਸ਼ ਨਹੀਂ" ਦੀ ਮੁਹਾਰਨੀ ਰਟੀ ਜਾਨਾਂ ਏਂ।

ਗਰੀਬੂ ਸ਼ਾਹ — (ਹਿਸਾਬ ਵਿਚ ਮਗਨ) ਚਾਰ...ਚਾਰ ਤੇ ਤਿੰਨ ਸੱਤ...ਸੱਤ ...ਸੱਤ...ਸੱਤ ਤੇ ਪੰਜ ਬਾਰਾਂ...ਬਾਰਾਂ...ਬਾਰਾਂ...

ਅਤਰੀ — ਹੁਣ ਰਹਿਣ ਵੀ ਦੇ ਇਨ੍ਹਾਂ "ਬਾੜਾਂ" ਨੂੰ! ਹਾਲੇ ਤੀਕ ਲੇਖਾ ਈ ਨਹੀਂ ਮੁੱਕਿਆ? ਜਾਹ ਜਾ ਕੇ ਲੱਸੀ ਪੀ ਆ।

ਗਰੀਬੂ ਸ਼ਾਹ — ਐਵੇਂ ਨਾ ਵਿਚ ਟੋਕ ਦਿਆ ਕਰ। ਸਾਰਾ ਲੇਖਾ ਡਮਾਕ 'ਚੋਂ ਉੱਡ ਗਿਆ। ਦੱਸ, ਕੀ ਆਖਦੀ ਏਂ?



ਅਤਰੀ — ਆਖਦੀ ਆਂ ਆਪਣਾ ਸਿਰ। ਦੋ ਵਾਰੀ ਮੁੰਡੇ ਨੂੰ ਆਖਿਆ ਪਈ ਆਪਣੇ ਬਾਈ ਨੂੰ ਬੁਲਾ ਲਿਆ, ਆ ਕੇ ਲੱਸੀ ਪੀ ਜਾਊ — ਪਰ ਉਹ ਵੀ ਪਤਾ ਨਹੀਂ ਕਿਧਰ ਨਿਘਰ ਗਿਆ। ਜਾਹ, ਜਾ ਕੇ ਪੀ ਆ, ਨਹੀਂ ਤਾਂ ਛੰਨੇ ਵਿਚ ਪਈ ਪਈ ਨੀਲੀ ਹੋ ਜਾਊ। ਏਥੇ ਪਲਾਥਾ ਮਾਰੀ ਬੈਠਾ ਏਂ, ਉਠਦਾ ਕਿਉਂ ਨਹੀਂ?

ਗਰੀਬੂ ਸ਼ਾਹ — ਉਠਦੇਂ, ਉਠਦੇਂ, ਕਾਹਲੀ ਕਿਉਂ ਪੈ ਜਾਨੀ ਏਂ? ਦੁਆਨੀ ਦਾ ਫਰਕ ਨਹੀਂ ਸੀ ਨਿਕਲਦਾ ਰੋਕੜ 'ਚੋਂ, ਦੋ ਵਾਰੀ ਜੋੜ ਲਾ ਬੈਠਾ, ਪਤਾ ਨਹੀਂ ਕਿਧਰ ਗਈ ਦੁਆਨੀ?

ਅਤਰੀ — ਕਿਸੇ ਨੂੰ ਦੇ ਬੈਠਾ ਹੋਣਾ ਏਂ, ਤੇਰੀ ਸੁਰਤ ਵੀ ਤਾਂ ਗੁਆਚੀ ਰਹਿੰਦੀ ਏ।

ਗਰੀਬੂ ਸ਼ਾਹ — ਤੂੰ ਕਿਥੇ ਗਈ ਸੈਂ?

ਅਤਰੀ — ਗਈ ਸੀ ਖਾਰੇ ਖੂਹ 'ਚ ਪਕੌੜੇ ਤਲਣ! ਜਾਂਦੀ ਨੂੰ ਵੀ ਪੁਛਿਆ ਸੀ, ਤਦੇ ਤੇ ਕੋਈ ਕੰਮ ਸਿਰੇ ਨਹੀਂ ਚੜ੍ਹਦਾ।

ਗਰੀਬੂ ਸ਼ਾਹ — ਕਿਉਂ ਕੀ ਹੋਇਆ?

ਅਤਰੀ — ਹੋਣਾ ਕੀ ਸੀ — ਪਰ ਕੁਝ ਹੋ ਕੇ ਰਹੂ। ਮੁਨਸ਼ੀਆਂ ਦੇ ਮੁੰਡੇ ਨੂੰ ਖਸਰਾ ਨਿਕਲਿਆ ਹੋਇਆ ਐ, ਉਸ ਦੀ ਖਬਰ-ਗੀਰ ਨੂੰ ਚੱਲੀ ਸਾਂ। ਪਹਿਲਾਂ ਤੂੰ ਪੁਛਿਆ, "ਕਿਥੇ ਚੱਲੀ ਏਂ?" ਫੇਰ ਮੁੰਡੇ ਨੇ ਟੋਕ ਮਾਰੀ, "ਮਾਂ ਕਿਥੇ ਚੱਲੀ ਏਂ?" ਬਸ ਓਥੇ ਦੀ ਓਥੇ ਈ ਰਹਿ ਗਈ। ਹੁਣ ਤੀਕ ਏਸ ਬਿਹੜੇ ਦੀ ਪਰਕਰਮਾਂ ਵਿਚ ਹੀ ਲਗੀ ਰਹੀ।

ਗਰੀਬੂ ਸ਼ਾਹ — ਉਹ ਕਿਵੇਂ?

ਅਤਰੀ — ਅਗਿਓਂ ਕੇਸਰੋ, ਰੱਖੋ, ਤੇ ਨੱਥੀ ਮਿਲ ਗਈਆਂ, ਉਨ੍ਹਾਂ ਗੱਲੀਂ ਲਾ ਲਿਆ। ਮੈਨੂੰ ਪੁੱਛਦੀਆਂ ਸਨ, ਪੜ੍ਹੀਏ ਕਿ ਨਾ? ਮੈਂ ਆਖਿਆ, ਮੇਰੇ ਵਲੋਂ ਢੱਠੇ ਖੂਹ 'ਚ ਡਿੱਗੋ, ਜੋ ਮਰਜੀ ਆਏ ਕਰੋ। ਕੀੜੀਆਂ ਦੀ ਜਦੋਂ ਮੌਤ ਆਉਂਦੀ ਐ ਤਾਂ ਉਨ੍ਹਾਂ ਦੇ ਖੰਭ ਨਿਕਲ ਆਉਂਦੇ ਨੇ। ਇਨ੍ਹਾਂ ਜੱਟੀਆਂ ਦੀ ਵੀ ਬਿਨ-ਆਈ ਆਉਣ ਵਾਲੀ ਐ — ਹੂੰਹ! ਪੋਥੀਆਂ ਚੁੱਕ ਕੇ ਪੜ੍ਹਨ ਚੱਲੀਆਂ ਨੇ।

ਗਰੀਬੂ ਸ਼ਾਹ — ਭਾਗਵਾਨੇ, ਇਸ ਨਾਲ ਉਨ੍ਹਾਂ ਦੀ ਨਹੀਂ, ਸਗੋਂ ਸਾਡੀ ਆਪਣੀ ਮੌਤ ਆਈ ਸਮਝ!

ਅਤਰੀ — ਉਹ ਕਿਵੇਂ?

ਗਰੀਬੂ ਸ਼ਾਹ — ਕਮਲੀਏ, ਫੇਰ ਤਿੰਨ ਰੁਪਏ ਸੈਂਕੜਾ ਕਿਸ ਦੇਣਾ ? ਯਮਲਾ ਜੱਟ ਤੇ ਰੱਬ ਨੂੰ ਲੈ ਗਏ ਚੋਰ ! ਜੇ ਇਹ ਜੱਟ ਪੜ੍ਹ ਗਏ ਤਾਂ ਸਾਡਾ ਲੇਖਾ ਤਾਂ ਠੱਪਿਆ ਜਾਣੀਂ, ਫਿਰ ਕਿਸ ਲੈਣਾ ਤੇ ਕਿਸ ਦੇਣਾ ? ਜੱਟ-ਵਿਦਿਆ ਬੜੀ ਤਕੜੀ ਹੁੰਦੀ ਏ । ਅਨਪੜ੍ਹ ਈ ਨਹੀਂ ਮਾਨ, ਪੜ੍ਹਿਆ ਲਿਖਿਆ ਤਾਂ ਬਸ ਇਉਂ ਸਮਝ, ਪਈ ਇਕ ਸੱਪ ਤੇ ਦੂਜੇ ਉਡਣਾ !

ਅਤਰੀ — ਇਹ ਕੇਸਰੋ ਪਤਾ ਨਹੀਂ ਪੜ੍ਹਨ ਨੂੰ ਕਿਉਂ ਹਲਕੀ ਫਿਰਦੀ ਐ । ਏਸ ਦਾ ਮਰਦ ਲਾਮ ਤੇ ਗਿਆ ਐ ਨਾ, ਏਸ ਇਹੋ ਕਰਤੂਤਾਂ ਛਾਂਟਣੀਆਂ ਹੋਈਆਂ ।

ਗਰੀਬੂ ਸ਼ਾਹ — ਸ਼ੈਤ ਏਸ ਦੇ ਮਰਦ ਨੇ ਈ ਲਿਖਿਆ ਹੋਵੇ । ਅੱਜ ਮੇਰੇ ਕੋਲੋਂ ਚਿੱਠੀ ਪੜ੍ਹਾਉਣ ਆਈ ਸੀ ।

ਅਤਰੀ — ਫੇਰ ?

ਗਰੀਬੂ ਸ਼ਾਹ — ਪਰ ਮੈਂ ਪੜ੍ਹੀ ਨਾ, ਕੌਣ ਡਮਾਕ ਪੋਲਾ ਕਰੇ । ਸ਼ੈਤ ਏਸੇ ਖਾਰ ਦੀ ਮਾਰੀ ਪੜ੍ਹਨੇ ਪੈ ਗਈ ਏ ।

ਅਤਰੀ — ਜੇ ਕੱਲੀ ਕੇਸਰੋ ਪੜ੍ਹ ਵੀ ਜਾਊ ਤਾਂ ਕੀ ਹੋ ਜਾਊ ? ਸਾਡੇ ਬਿਨਾਂ ਇਨ੍ਹਾਂ ਜੱਟਾਂ ਨੂੰ ਇਕ ਡੰਗ ਵੀ ਨਹੀਂ ਕੱਟਣਾ; ਜਿੰਨਾ ਮਰਜੀ ਆਏ ਟੱਪ ਲੈਣ । ਹਾਏ ! ਹੁਣ ਤੂੰ ਫੇਰ ਗੱਲਾਂ ਮਾਰਨ ਬੈਠ ਰਿਹਾ ਏਂ, ਜਾ ਉਠ ਏਥੋਂ ।

ਗਰੀਬੂ ਸ਼ਾਹ — ਨੀ ਉਠਣੈਂ ਉਠਣੈਂ, ਸ਼ਿਵਾਂ ਦੀ ਗੱਦੀ ਤੋਂ ਏਸ ਤਰ੍ਹਾਂ ਝਿੜਕ ਕੇ ਨਹੀਂ ਉਠਾਈਦਾ । (ਵਹੀ ਨੂੰ ਇਕ ਪਾਸੇ ਰਖ ਕੇ) ਇਹ ਲੱਸੀ ਕਿਥੋਂ ਲਿਆਂਦੀ ਏ ਅੱਜ ?

ਅਤਰੀ — ਪਟਵਾਰੀਆਂ ਦੇ ਘਰੋਂ ।

ਗਰੀਬੂ ਸ਼ਾਹ — ਪਟਵਾਰੀਆਂ ਤਾਂ ਸੁਣਿਆ ਸੀ, ਮੈਂਹ ਵੇਚ ਦਿਤੀ ਐ ।

ਅਤਰੀ — ਉਹ ਮੈਂਹ ਵੇਚ ਕੇ ਦੂਜੀ ਲਵੇਰੀ ਲੈ ਲਈ, ਉਨ੍ਹਾਂ ਦਾ ਕਿਹੜਾ ਕੋਈ ਖਰਚਾ ਹੁੰਦਾ ਐ ਮੈਂਹ ਉਤੇ । ਖੇਤ 'ਚੋਂ ਚਰ ਆਉਂਦੀ ਐ, ਦਾਣਾ ਫੱਕਾ ਮੁਫ਼ਤ ਆ ਜਾਂਦਾ ਐ — ਦੁੱਧ ਪੀਣ ਨੂੰ, ਮੱਖਣ ਖਾਣ ਨੂੰ ।

ਗਰੀਬੂ ਸ਼ਾਹ — ਮੈਨੂੰ ਕਈ ਦਿਨ ਹੋ ਗਏ ਪਟਵਾਰੀਆਂ ਵਲ ਫੇਰਾ ਮਾਰੇ ਨੂੰ । ਇਹ ਪਟਵਾਰੀ ਪਹਿਲੇ ਨਾਲੋਂ ਚੰਗਾ ਏ, ਸੌ ਲਿਹਾਜ ਮੰਨਦਾ ਏ । ਪਹਿਲਾ ਤਾਂ ਮਾਂਹ ਦੇ ਆਟੇ ਵਾਂਗ ਆਕੜਿਆ ਈ ਰਹਿੰਦਾ ਸੀ, ਤੇ ਟੌਰਾ ਛਡਦਾ ਸੀ, ਪੂਰਾ ਗਜ ਲੰਮਾ, ਵੱਟੀਆਂ ਹੋਈਆਂ ਮੁੱਛਾਂ — ਦੇਖ ਕੇ



ਡਰ ਲਗਦਾ ਸੀ, ਸਾਰੇ ਪਿੰਡ ਨੂੰ ਅੱਗੇ ਲਾ ਰਖਿਆ ਸੀ — ਪਰ ਸੁਣਿਆ ਐ ਵੱਢੀ ਨਹੀਂ ਸੀ ਲੈਂਦਾ ।

ਅਤਰੀ — ਊਂਹ ! ਵੱਢੀ ਤੈਥੋਂ ਪੁੱਛ ਕੇ ਲੈਣੀ ਸੀ । ਐਡਾ ਝੋਟੇ ਵਰਗਾ ਕੋਈ ਸੁੱਕੀਆਂ ਚੱਬ ਚੱਬ ਤਾਂ ਨਹੀਂ ਸੀ ਹੋ ਗਿਆ । ਵੱਢੀ ਤਾਂ ਉਸ ਦੇ ਮੱਥੇ ਉਤੇ ਲਿਖੀ ਹੋਈ ਸੀ ।

ਗਰੀਬੂ ਸ਼ਾਹ — ਨੀ ਸਾਡੇ ਕੋਲੋਂ ਕੀ ਲੈ ਗਿਆ ! ਅਸੀਂ ਨਾ ਉਸ ਨੂੰ ਕੁਝ ਦੁਆਲ ਸਾਂ, ਨਾ ਇਸ ਨੂੰ ! ਸਾਡੇ ਭਾਣੇ ਕੋਈ ਆਏ ਕੋਈ ਜਾਏ, ਅਸੀਂ ਤਾਂ ਫਤਿਹ ਬੁਲਾ ਛਡਣੀ ਏਂ ।

ਅਤਰੀ — ਚੰਗਾ ਚੰਗਾ, ਹੁਣ ਉਠ, ਫਤਿਹ ਫੇਰ ਬੁਲਾਈਂ ।

ਗਰੀਬੂ ਸ਼ਾਹ —ਅੰਦਰਲਾ ਬੂਹਾ ਖੁੱਲ੍ਹਾ ਏ ?

ਅਤਰੀ — ਆਹੋ । ਹੱਟ ਤੇ ਮੈਂ ਬੈਠਦੀ ਆਂ, ਕੋਈ ਡੱਡਾਂ ਨਹੀਂ ਪੈਂਦੀਆਂ ਏਸ ਨੂੰ ।

ਉਹ ਉਠਦਾ ਹੈ । ਧੋਤੀ ਦੀ ਅੰਟੀ ਵਿਚੋਂ ਦੁਆਨੀ ਡਿੱਗ ਪੈਂਦੀ ਹੈ ।

ਅਤਰੀ — ਲੈ ਆਹ ਪਈ ਏ ਦੁਆਨੀ ! ਕੁੱਛੜ ਕੁੜੀ ਤੇ ਪਿੰਡ 'ਚ ਡੌਂਡੀ ।

ਗਰੀਬੂ ਸ਼ਾਹ — ਇਹ ਧਹੁਤੀ ਸਾਂਭ ਕੇ ਰੱਖੀ ਸੀ ਨਾ, ਬਸ ਏਸੇ ਕਰ ਕੇ ।

ਅਤਰੀ — ਲਿਆ ਫੜਾ !

ਗਰੀਬੂ ਸ਼ਾਹ — ਲੈ ਫੜ, ਗੱਲੇ ਵਿਚ ਰੱਖ ਦੇਵੀਂ, ਮਤਾਂ ਪੱਲੇ ਨਾਲ ਬੰਨ੍ਹ ਲਵੇਂ ।

ਅਤਰੀ — ਆਹੋਂ ਆਹੋ, ਮੈਨੂੰ ਪਤਾ ਏ ।

ਗਰੀਬੂ ਸ਼ਾਹ ਉਠ ਕੇ ਹੱਟੀ ਅੰਦਰ ਚਲਾ ਜਾਂਦਾ ਹੈ । ਅਤਰੀ ਪੱਖੀ ਝਲਦੀ ਹੋਈ ਕੁਝ ਸੋਚਦੀ ਹੈ ।

(ਹਨ੍ਹੇਰਾ)

## ਅੰਕ ਦੂਜਾ

### ਝਾਕੀ ਪਹਿਲੀ

ਕੇਸਰੋ ਚੌਂਤਰੇ ਉਤੇ ਬੈਠੀ ਡੇਲੇ ਡੁੰਗ ਰਹੀ ਹੈ । ਨਾਲ ਹੀ ਮੰਜੀ ਉਤੇ ਲੱਖਾ ਬੈਠਾ ਹੈ, ਤੇ ਦੋਵੇਂ ਹੱਸ ਹੱਸ ਕੇ ਗੱਲਾਂ ਕਰ ਰਹੇ ਹਨ ।

ਲੱਖਾ — ਢਾਂਢੀ ਦੀ ਸੌਂਹ ! ਪਹਿਲਾਂ ਤੂੰ ਚਿੱਠੀ ਪੱਤਰ ਪਾਉਂਦੀ ਤਾਂ ਕਦੇ ਬਿਸ਼ਨੇ ਸੁਨਿਆਰ ਦਾ ਲਿਖਿਆ ਹੁੰਦਾ, ਕਦੇ ਸ਼ੰਭੂ ਮੁਨਸ਼ੀ ਦਾ — ਅੱਧਾ ਸੁਆਦ ਆਉਂਦਾ । ਜਦ ਦੇ ਤੇਰੇ ਹੱਥ ਦੇ ਲਿਖੇ ਖਤ ਆਉਣ ਲਗੇ, ਉਹਨਾਂ ਦਾ ਓਹੀ ਸੁਆਦ ਸੀ, ਜੋ ਬੇਬੇ ਦੀਆਂ ਮਿੱਸੀਆਂ ਰੋਟੀਆਂ ਦਾ ਹੁੰਦਾ ਸੀ ।

ਕੇਸਰੋ — (ਸ਼ਰਮਾ ਕੇ) ਮੂੰਹ ! ਕਿਹੋ ਜਹੀਆਂ ਗੱਲਾਂ ਕਰਦਾ ਏਂ !

ਲੱਖਾ — ਠੀਕ ਈ ਤਾਂ ਆਖ ਰਿਹਾ ਆਂ । ਜਦੋਂ ਤੂੰ ਮੈਨੂੰ ਲਿਖਿਆ, ਮੈਂ ਪੜ੍ਹਨੇ ਪੈ ਗਈ ਆਂ, ਤਾਂ ਸੌਂਹ ਢਾਂਡੀ ਦੀ, ਮੈਂ ਸੱਚ ਈ ਨਹੀਂ ਸੀ ਮੰਨਿਆ ।

ਕੇਸਰੋ — ਪੜ੍ਹਨ ਦੀ ਵੀ ਸੰਗ ਈ ਹੁੰਦੀ ਐ । ਮੇਰੇ ਨਾਲ ਰੱਖੋ ਤੇ ਨੱਥੀ ਵੀ ਪੜ੍ਹਨ ਲੱਗੀਆਂ ਸਨ । ਪਹਿਲੇ ਦਿਨ ਤਾਂ ਬੜੀਆਂ ਤਿਆਰ ਹੋਈਆਂ, ਪਰ ਜਦੋਂ ਜਾਣ ਦਾ ਵੇਲਾ ਆਇਆ ਤਾਂ ਮੈਂ ਇਕੱਲੀ ਈ ਰਹਿ ਗਈ, ਦੋਵੇਂ ਮੁੱਕਰ ਗਈਆਂ । ਪਹਿਲਾਂ ਤਾਂ ਭੈਣ ਜੀ ਆਖਣ ਲੱਗੀ, ਮੈਂ ਇਕੱਲੀ ਨੂੰ ਨਹੀਂ ਪੜ੍ਹਾਉਣਾ, ਪਰ ਫਿਰ ਜਦ ਮੈਂ ਰਿਹਾੜ ਕੀਤੀ ਤਾਂ ਮੰਨ ਗਈ ਤੇ ਮੈਨੂੰ ਪੈਂਤੀ ਸਿਖਾ ਦਿਤੀ ! ਏਸ ਪਿਛੋਂ ਮੈਂ ਰੋਜ ਇਕ ਸਬਕ ਯਾਦ ਕਰ ਲੈਂਦੀ — ਦਾਲ 'ਚੋਂ ਰੋੜ ਚੁਗਦੀ ਹੋਈ, ਕਪਾਹ



ਬੇਲਦੀ ਹੋਈ, ਦੁੱਧ ਰਿੜਕਦੀ ਹੋਈ, ਪੋਥੀ ਕੋਲ ਈ ਰੱਖਦੀ । ਨਾਲੇ ਜੀ ਲਗਿਆ ਰਹਿੰਦਾ ਤੇ ਨਾਲੇ ਪੜ੍ਹਦੀ ਰਹਿੰਦੀ ।

ਲੱਖਾ — ਹੁਣ ਤਾਂ ਤੂੰ ਮੇਰੇ ਵੀ ਕੰਨ ਕੁਤਰਨੀ ਐਂ । ਪੜ੍ਹਨ ਲਗੇ ਮੈਂ ਵੀ ਕਿਤੇ ਕਿਤੇ ਉਕ ਜਾਨਾਂ ਆ, ਪਰ ਤੂੰ ਤਾਂ ਡਾਕ ਗੱਡੀ ਐਂ ।

ਕੇਸਰੋ — ਜਦੋਂ ਤੇਰਾ ਪਹਿਲਾ ਖਤ ਪੜ੍ਹਨ ਲੱਗੀ ਤਾਂ ਮੈਂ ਕੋਠੇ ਅੰਦਰ ਲੈ ਗਈ । ਭੁੰਜੇ ਬੈਠ ਕੇ ਇਕ ਇਕ ਅੱਖਰ ਜੋੜਿਆ 'ਤੇ ਸਾਰੇ ਦਾ ਸਾਰਾ ਆਪੇ ਹੀ ਪੜ੍ਹਿਆ । ਜਦੋਂ ਖ਼ਤ ਉਠਾ ਲਿਆ ਤਾਂ ਦਿਲ ਦਾ ਭਾਰ ਹੋਲਾ ਹੋ ਗਿਆ ।

ਲੱਖਾ — ਜਦੋਂ ਤੇਰਾ ਖ਼ਤ ਆਉਂਦਾ ਤਾਂ ਮੈਂ ਵੀ ਤੰਬੂ 'ਚ ਬੈਠ ਕੇ ਪੜ੍ਹਦਾ । ਜੇ ਨਾਲ ਦੇ ਸਾਥੀ ਉਥੇ ਬੈਠੇ ਹੁੰਦੇ ਤਾਂ ਦੂਰ ਬਾਂਸਾਂ ਦੇ ਜੰਗਲ ਵਿਚ ਕਿਤੇ ਕੱਲੀ ਥਾਂ ਪੱਥਰ ਉਤੇ ਬੈਠ ਕੇ ਹੌਲੀ ਹੌਲੀ ਪੜ੍ਹਦਾ...ਸਾਰਾ ਦਿਨ ਤੇਰਾ ਖ਼ਤ ਅੱਖਾਂ ਅੱਗੇ ਰਹਿੰਦਾ...ਰਾਤ ਨੂੰ ਓਥੇ ਬੜੀ ਬਰਖਾ ਹੁੰਦੀ...ਅਸਾਮ ਤਾਂ ਬਰਖਾ ਦਾ ਘਰ ਐ । ਸਰਕਾਰ ਨੂੰ ਪਤਾ ਨਹੀਂ ਕੀ ਮਿਲਦਾ ਐ, ਫ਼ੌਜੀਆਂ ਨੂੰ ਘਰੋਂ ਦੂਰ ਹੀ ਰਖਦੀ ਐ — ਪੰਜਾਬੀਆਂ ਨੂੰ ਅਸਾਮ ਵਿਚ, ਅਸਾਮੀਆਂ ਨੂੰ ਮਦਰਾਸ ਵਿਚ ਤੇ ਮਦਰਾਸੀਆਂ ਨੂੰ ਪੰਜਾਬ ਵਿਚ । ਸ਼ੈਤ ਏਸੇ ਕਰ ਕੇ ਚਿੱਠੀਆਂ ਬਹੁਤੀਆਂ ਸੁਆਦ ਲੱਗਦੀਆਂ ਹਨ ।

ਕੇਸਰੋ — ਤੂੰ ਘਰ ਮੰਗਦਾ ਸੈਂ, ਸਰਕਾਰ ਨੇ ਤੈਨੂੰ ਘਰ ਭੇਜ ਦਿਤਾ । ਮੈਂ ਤਾਂ ਆਖਦੀ ਆਂ, ਚੰਗਾ ਕੀਤਾ ।

ਲੱਖਾ — ਕੀ ਚੰਗਾ ਕੀਤਾ ? ਸਾਡੀ ਪਲਟਨ ਦੇ ਪੱਚੀ ਜੁਆਨਾਂ ਨੂੰ ਲੰਮੀ ਛੁੱਟੀ ਦੇ ਕੇ ਘਰ ਬਠਾਲ ਦਿਤਾ ।

ਕੇਸਰੋ — ਘਰ ਵਰਗਾ ਸੁਖ ਬਾਹਰ ਕਿਥੇ ? ਘਰ ਦੀ ਅੱਧੀ ਬਾਹਰ ਦੀ ਸਾਰੀ ਨਾਲੋਂ ਕਿਤੇ ਚੰਗੀ । ਏਥੇ ਜਿਹੜੀ ਚੱਪਾ ਭੋਂ ਸੀ, ਉਸ ਨੂੰ ਪਈ-ਪਈ ਨੂੰ ਉੱਲੀ ਲਗ ਗਈ — ਜੇ ਰੱਜ ਕੇ ਵਾਹੀ ਖੇਤੀ ਕਰੇਂ, ਤਾਂ ਉਹੀ ਨਹੀਂ ਮੁੱਕਦੀ ।

ਲੱਖਾ — ਉਹ ਤਾਂ ਦੇਖਦੀ ਐਂ — ਮਹੀਨੇ 'ਚ ਈ ਐਨ ਕੂਲੀ ਪੱਟ ਬਣਾ ਦਿਤੀ । ਅੱਜ ਪਾਣੀ ਦੀ ਵਾਰੀ ਐ, ਮੈਂ ਆਡਾਂ ਖਾਲ ਆਇਆ ਸੀ, ਬਸ ਹੁਣ ਪਾਣੀ ਦੇ ਤੁਰਣ ਦੀ ਕਸਰ ਏ । ਅੱਜ ਮੈਂ ਸ਼ੈਂਤ ਚਿਰਕੇ ਮੁੜਾਂ । ਤੂੰ ਖੇਤ ਕਦੋਂ ਆਏਂਗੀ ?

ਕੇਸਰੋ — ਭੈਣ ਜੀ ਕੋਲੋਂ ਹੋ ਕੇ । ਜੇ ਮੈਨੂੰ ਚਿਰ ਹੋ ਗਿਆ ਤਾਂ ਭੱਤਾ ਰੂੜੇ ਦੇ ਘਰੋਂ ਕਿਸੇ ਦੇ ਹੱਥ ਭੇਜ ਦੇਵਾਂਗੀ । ਅਜਕਲ੍ਹ ਉਹ ਸਾਨੂੰ ਕਟਾਈ ਤੇ ਸਿਲਾਈ ਸਿਖਾਉਂਦੀ ਐ । ਆਖਦੀ ਸੀ, ਤੀਵੀਂ ਨੂੰ ਵੀ ਕਮਾ ਕੇ ਆਦਮੀ ਦਾ ਹੱਥ ਹੌਲਾ ਕਰਨਾ ਚਾਹੀਦਾ ਹੈ ।

ਲੱਖਾ — ਪਰ ਬਹੁਤਾ ਪੜ੍ਹਨ ਨਾਲ ਹੱਥ ਹੌਲਾ ਕਰਨ ਦੀ ਥਾਂ ਕਿਤੇ ਡਮਾਕ ਨਾ ਹੌਲਾ ਕਰ ਲਈਂ । ਬਹੁਤਾ ਪੜ੍ਹਨ ਨਾਲ ਬਦਹਜ਼ਮੀ ਹੋ ਜਾਂਦੀ ਐ, ਓਨਾ ਪੜ੍ਹੀਏ ਜਿੰਨਾ ਪਚਾ ਸਕੀਏ ।

ਕੇਸਰੋ — ਤੂੰ ਏਸ ਗੱਲ ਦੀ ਚਿੰਤਾ ਨਾ ਕਰ । ਹੁਣ ਮੈਂ ਤਿੰਨ ਪੋਥੀਆਂ ਪੜ੍ਹੀਆਂ ਹਨ ਤਾਂ ਜਾਣੀਏ, ਜਿਵੇਂ ਡਮਾਕ ਵਿਚ ਚਾਨਣਾ ਹੋ ਗਿਆ ਹੁੰਦਾ ਹੈ, ਪਹਿਲਾਂ ਤਾਂ ਹਨੇਰੇ ਵਿਚ ਈ ਸੋਟੀਆਂ ਮਾਰਦੀ ਫਿਰਦੀ ਸਾਂ ।

> ਗਿਆਨੋ ਬੇਬੀ ਆਉਂਦੀ ਹੈ । ਉਮਰ ਸੱਤਰ ਸਾਲ । ਹੱਥਾਂ ਤੇ ਮੂੰਹ ਉਤੇ ਮਾਸ ਦੀਆਂ ਚੀਂਘਾਂ ਦਾ ਜਾਲ । ਉਹ ਅਸੀਸਾਂ ਦੇਂਦੀ ਹੋਈ ਆਉਂਦੀ ਹੈ ।

ਗਿਆਨੋ — ਪੁੱਤ ਜਿਉਂਦਾ ਰਹੇਂ ! ਭਾਗ ਲੱਗੇ ਰਹਿਣ ! ਜੜ੍ਹਾਂ ਹਰੀਆਂ ਰਹਿਣ !

ਲੱਖਾ — ਆ ਜਾ ਬੇਬੀ, ਆ ਜਾ ਬਹਿ ਜਾ ।

> (ਬੇਬੀ ਬੈਠ ਜਾਂਦੀ ਹੈ)

ਲੱਖਾ — ਬੇਬੀ, ਮੈਂ ਤਾਂ ਚਲਿਐਂ, ਤੂੰ ਬੈਠ ।

ਬੇਬੀ — ਵੇ ਪੁੱਤ ਮੈਂ ਤਾਂ ਤੇਰੇ ਕੋਲ ਹੀ ਆਈ ਸਾਂ — ਮੈਂ ਜਾਣ ਦੇਣੀਆਂ ਆਪਣੇ ਪੁੱਤ ਨੂੰ ।

> ਬੇਬੀ ਗਿਆਨੋ ਲੱਖੇ ਦਾ ਹੱਥ ਫੜ ਕੇ ਉਸ ਨੂੰ ਆਪਣੇ ਨਾਲ ਮੰਜੀ ਉਤੇ ਬਿਠਾ ਲੈਂਦੀ ਹੈ ।

ਲੱਖਾ — ਬੇਬੀ, ਅੱਜ ਤਾਂ ਤੂੰ ਵੜਦਿਆਂ ਈ ਅਸੀਸਾਂ ਦੇਣ ਲੱਗ ਪਈ ਏਂ, ਕੀ ਗੱਲ ਏ ?

ਗਿਆਨੋ — ਪੁੱਤ ਅੱਜ ਤਾਂ ਮੇਰੀਆਂ ਅਸੀਸਾਂ ਪਿਛੇ ਖੀਨ-ਖਾਪ ਦੀ ਕੁੜਤੀ ਤੇ ਸੁੱਥਣ ਏ ।

ਲੱਖਾ — ਤੂੰ ਹਾਲੇ ਭੁੱਲੀ ਨਹੀਂ ਓਸ ਗੱਲ ਨੂੰ ?



ਗਿਆਨੋ — ਵੇ ਪੁੱਤਾ, ਭੁੱਲ ਕਿਵੇਂ ਜਾਵਾਂ ? ਮੈਂ ਕਿਹੜਾ ਤੇਰੇ ਵਾਂਗ ਖਾਰਾ ਪਾਣੀ ਪੀ ਕੇ ਆਈ ਆਂ ਜੁ ਪਿਛਲੀਆਂ ਗੱਲਾਂ ਭੁੱਲ ਜਾਵਾਂ ? ਤੂੰ ਓਦੋਂ ਤੀਜੀ ਜਮਾਤ 'ਚ ਪੜ੍ਹਦਾ ਸੈਂ — ਮਦਰੱਸੇ ਜਾਂਦਾ ਹੋਇਆ ਜਦ ਮੇਰੀ ਝੁੱਗੀ ਵਿਚ ਦੀ ਲੰਘਦਾ, ਤਾਂ ਹਮੇਸ਼ ਕਦੇ ਛੱਲੀਆਂ, ਕਦੇ ਗੰਨੇ, ਕਦੇ ਪਾਗੀਆਂ ਹੋਈਆਂ ਖਿੱਲਾਂ ਤੇ ਕਦੇ ਕਿਲੀ ਲੈ ਜਾਂਦਾ — ਤੇ ਆਖਦਾ, 'ਬੇਬੀ, ਜਦੋਂ ਮੈਂ ਵੱਡਾ ਹੋਇਆ ਤਾਂ ਤੈਨੂੰ ਪਹਿਲੀ ਤਨਖਾਹ 'ਚੋਂ ਖੀਨ-ਖਾਪ ਦੀ ਕੁੜਤੀ ਤੇ ਸੁੱਥਣ ਸੁਆ ਕੇ ਦਊਂਗਾ — ।' ਫਿਰ ਆਖਣ ਲੱਗਾ, 'ਬੇਬੀ ਜਦੋਂ ਵਿਆਹ ਹੋ ਗਿਆ ਤਾਂ —।' ਉਸ ਪਿਛੋਂ ਤੂੰ ਫਿਰ ਆਪਣੀ ਬੋਲੀ ਬਦਲੀ ਤੇ ਆਖਿਆ, 'ਲਾਮ ਤੋਂ ਮੁੜ ਆਇਆ, ਤਾਂ —!' ਪੁੱਤਾ, ਹਰ ਰੁੱਤੇ ਨਾ ਗੱਲ ਉਲਟਾ ਲਿਆ ਕਰ । ਸੁਖ ਨਾਲ ਵਿਆਹ ਹੋ ਗਿਆ, ਲਾਮ ਤੋਂ ਸੁਖੀ-ਸਾਂਦੀ ਘਰ ਮੁੜ ਆਇਆ, ਹੁਣ ਨਾ ਮੇਰੀ ਖੀਨ-ਖਾਪ ਦੀ ਕੁੜਤੀ ਤੇ ਸੁੱਥਣ ਨੂੰ ਅੱਗੇ ਹੀ ਅੱਗੇ ਤੋਰੀ ਜਾ । ਮੇਰੇ 'ਚ ਬਹੁਤਾ ਦਮ ਨਹੀਂ । ਪਤਾ ਨਹੀਂ ਤੇਰੀ ਇਸ ਖੀਨ-ਖਾਪ ਦੀ ਕੁੜਤੀ ਪਿਛੇ ਹੀ ਜੀਊਂਦੀ ਬੈਠੀ ਆਂ ।

ਲੱਖਾ — (ਹੱਸਦਾ ਹੋਇਆ) ਬੇਬੀ, ਤੈਨੂੰ ਸਾਰੀਆਂ ਗੱਲਾਂ ਯਾਦ ਨੇ ? ਤੂੰ ਫ਼ਿਕਰ ਨਾ ਕਰ, ਹੁਣ ਤੇਰੀ ਖੀਨ-ਖਾਪ ਦੀ ਕੁੜਤੀ ਬਸ ਤਿਆਰ ਹੀ ਸਮਝ ।

ਗਿਆਨੋ—ਮੈਨੂੰ ਤਾਂ ਸਾਰਾ ਗੁਆਂਢ ਮਸ਼ਕਰੀਆਂ ਕਰਦਾ ਏ । ਆਖਦਾ ਏ, ਲੱਖੇ ਨੂੰ ਆਏ ਦੋ ਮਹੀਨੇ ਹੋ ਗਏ, ਲੈ ਦਿਆ ਸੂਟ ? ਪੁੱਤ, ਹੁਣ ਇਹਨਾਂ ਗੁਆਂਢੀਆਂ ਦਾ ਮੂੰਹ ਬੰਦ ਕਰਨ ਲਈ ਹੀ ਸੁਆ ਦੇ ਛੇਕੜ ।

ਲੱਖਾ — ਜਦੋਂ ਸਾਨੂੰ ਸਰਕਾਰ ਨੇ ਲੰਮੀ ਛੁੱਟੀ ਦਿਤੀ ਤਾਂ ਨਾਲ ਹੀ ਤਿੰਨ ਮਹੀਨਿਆਂ ਦੀ ਤਨਖਾਹ ਦਾ ਆਡਰ ਵੀ ਦਿਤਾ । ਨੌਕਰੀ ਹਟੀ ਨੂੰ ਐਨਾਂ ਚਿਰ ਹੋ ਗਿਆ ਏ ਪਰ ਏਸ ਤਨਖਾਹ ਦੀ ਕੋਈ ਸੂਹ ਈ ਨਹੀਂ ਮਿਲਦੀ । ਸਰਕਾਰ ਦੇ ਹਰੇਕ ਕੰਮ ਵਿਚ ਢਿੱਲ ਏ ।

ਗਿਆਨੋ — ਹੋਰ, ਅੰਨ੍ਹਾ ਖਾਤਾ ਏ । ਪਰ ਜਿੱਥੇ ਲੱਖਾਂ ਕਰੋੜਾਂ ਦਾ ਲੇਖਾ ਹੋਵੇ, ਉਥੇ ਚਿਰ ਤਾਂ ਲਗਣਾ ਹੋਇਆ ।

ਲੱਖਾ — ਕਰੋੜਾਂ ਰੁਪਈਆਂ ਨੂੰ ਗਿਣਦਿਆਂ ਕਿਹੜਾ ਚਿਰ ਲੱਗਦਾ ਐ, ਬੇਬੀ ? ਬੰਕ ਇਕ ਮਿੰਟ ਵਿਚ ਭੁਗਤਾ ਦੇਂਦਾ ਐ । ਮੈਂ ਅਰਜ਼ੀ ਦਿਤੀ ਤਾਂ ਹੈ ਪਰ ਹਾਲੇ ਤਾਂ ਮੇਰੀ ਅਰਜ਼ੀ ਸਰਕਾਰੂ ਮੇਜ਼ਾਂ ਦੁਆਲੇ ਹੀ ਘੁੰਮਦੀ ਫਿਰਦੀ ਐ । ਪਤਾ ਨਹੀਂ ਇਸ ਹੋਰ ਕਿੰਨਾ ਚਿਰ ਖੱਟੇ 'ਚ ਪਿਆ

ਰਹਿਣਾ ਏ ।

ਗਿਆਨੋ — ਸਰਕਾਰ ਦੇ ਕੰਮਾਂ ਵਿਚ ਚਿਰ ਤਾਂ ਲੱਗ ਈ ਜਾਂਦਾ ਏ ਪੁੱਤ, ਸਰਕਾਰ ਤੁਰਦੀ ਵੀ ਤਾਂ ਹੌਲੀ ਹੌਲੀ ਐ ।

ਲੱਖਾ — ਨਹੀਂ ਬੇਬੀ, ਤੁਰਦੀ ਕਿੱਥੇ ਐ, ਇਕੋ ਥਾਂ ਖੜੀ ਐ — ਬਸ ਕਾਗਤੀਆਂ ਈ ਤੁਰਦੀਆਂ ਨੇ, ਕਦੇ ਏਸ ਦਫ਼ਤਰ, ਤੇ ਕਦੇ ਓਸ ਦਫ਼ਤਰ ।

ਗਿਆਨੋ — ਚੰਗਾ, ਹੁਣ ਏਸ ਤਨਖ਼ਾਹ ਆਈ ਤੋਂ ਨਾ ਕੋਈ ਹੋਰ ਲਾਰਾ ਲਾ ਦੇਵੀਂ ।

ਲੱਖਾ — ਨਹੀਂ, ਓਦੋਂ ਬਣਵਾ ਦਿਆਂਗਾ ।

ਗਿਆਨੋ — ਮੈਨੂੰ ਤਾਂ ਦਿੱਸਦੀ ਏ ਪਈ ਤੂੰ ਮੈਨੂੰ ਕੁੜਤੀ ਕਦੇ ਵੀ ਨਹੀਂ ਬਣਵਾ ਕੇ ਦੇਣੀ, ਬਸ ਮਰੀ ਉਤੇ ਖੱਫਣ ਭਾਵੇਂ ਰੇਸ਼ਮ ਦਾ ਪਾ ਦੇਵੇਂ ।

ਲੱਖਾ — ਲੈ, ਅਸੀਂ ਤੈਨੂੰ ਮਰਨ ਦੇਨੇ ਆਂ ਇਸ ਤਰ੍ਹਾਂ ।

ਗਿਆਨੋ — (ਕੇਸਰੋ ਨੂੰ) ਨੀ ਇਹ ਤੂੰ ਕੀ ਲਈ ਬੈਠੀ ਐਂ ਕਤੇਬਾਂ ਪੋਥੀਆਂ ? ਸੁਣਿਆ ਏ, ਤੂੰ ਖਾਸ਼ਾ ਪੜ੍ਹ ਗਈ ਏਂ ।

ਕੇਸਰੋ — ਡੰਗ ਸਾਰਨ ਜੋਗਾ ਤਾਂ ਪੜ੍ਹ ਈ ਗਈ ਆਂ ।

ਗਿਆਨੋ — ਨੀ ਕੀ ਪਿਆ ਏ ਇਹਨਾਂ ਪਾੜ੍ਹਤਾਂ ਵਿਚ । ਤੂੰ ਕਿਹੜਾ ਕਿਸੇ ਹੋਦੇ ਉਤੇ ਬੈਠਣਾ ਏਂ ।

ਕੇਸਰੋ — ਇਸ ਬਾਝ ਅੱਜਕੱਲ੍ਹ ਗੁਜ਼ਾਰਾ ਵੀ ਤੇ ਨਹੀਂ ।

ਗਿਆਨੋ — ਨੀਤ ਖਰੀ ਚਾਹੀਦੀ ਏ ਧੀਏ, ਗੁਜਾਰੇ ਦਾ ਕੀ ਐ । ਜੇ ਮਨ ਮਾਰੋ ਤਾਂ ਝੁੱਗੀ ਵਿਚ ਕੱਟ ਲਈਏ, ਤੇ ਜੇ ਮਨ ਨੂੰ ਉਡਾਰੂ ਛੱਡ ਦਿਓ ਤਾਂ ਮਹਿਲ ਵੀ ਖਾਣ ਨੂੰ ਆਉਂਦੇ ਨੇ ।

ਕੇਸਰੋ — ਪਰ ਦੋ ਵੇਲੇ ਲੱਸੀ ਪਾਣੀ, ਗੁੜ ਟੁੱਕ ਤਾਂ ਚਾਹੀਦਾ ਈ ਏ ਨਾ ।

ਗਿਆਨੋ — ਪੁੱਤ, ਮੈਂ ਸੁਣਿਆ ਏ ਜਿੰਨੇ ਫੌਜੀ ਮੁੜੇ ਨੇ, ਸਰਕਾਰ ਕਰਿਆੜਾਂ ਨੂੰ ਕੱਢ ਕੱਢ ਉਨ੍ਹਾਂ ਸਭਨਾਂ ਨੂੰ ਨੌਕਰੀ ਤੇ ਲਾ ਰਹੀ ਐ । ਮੇਰੀ ਮੰਨੇ ਤਾਂ ਤੂੰ ਵੀ ਕਿਤੇ ਏਥੇ ਈ ਜੈਲਦਾਰ ਜਾਂ ਹੌਲਦਾਰ ਲੱਗ ਜਾ ।

ਲੱਖਾ — ਤੂੰ ਤਾਂ ਐਵੇਂ ਕਿਤੋਂ ਉਡਦੀਆਂ ਸੁਣ ਆਈ ਏਂ । ਭਲਾ ਸਰਕਾਰ ਕੋਲ ਨਵੀਆਂ ਨੌਕਰੀਆਂ ਕਿੱਥੇ ? ਸਰਕਾਰ ਕਿਸ ਕਿਸ ਦਾ ਨਬੇੜਾ ਕਰੂ ?

ਕੇਸਰੋ — ਤੇਰੇ ਵੇਲੇ ਸੌਖੇ ਸਨ ਬੇਬੀ, ਲੰਘ ਗਏ । ਅੱਜਕਲ੍ਹ ਤਾਂ ਬੜੀ



ਔਖ ਐ ।

ਗਿਆਨੋ — ਕੁੜੇ, ਸਾਡੀ ਨੱਥੀ ਵੀ ਤੇਰੀ ਰੀਸੀਂ ਪੜ੍ਹਨ ਨੂੰ ਫਿਰਦੀ ਸੀ । ਮੈਂ ਤਾਂ ਓਸਦੀ ਉਹ ਲਾਹ ਪਾਹ ਕੀਤੀ ਜੁ ਓਵੇਂ ਈ ਸੁਸਰੀ ਵਾਂਗ ਸੌਂ ਗਈ । ਮੈਂ ਆਖਿਆ, ਚੁਲ੍ਹਾ ਛੱਡਿਆ, ਪੱਬੀ ਛੱਡੀ, ਇਹ ਜਾਣੇ ਖਾਣੇ ਦੀ ਕਤਾਬ ਨਾ ਹੋਈ, ਸੁੰਢ ਦੀ ਗੱਠੀ ਹੋ ਗਈ !

ਕੇਸਰੋ — ਤੂੰ ਮਾੜਾ ਈ ਕੀਤਾ । ਜੇ ਨੱਥੀ ਮੇਰੇ ਨਾਲ ਪੜ੍ਹ ਜਾਂਦੀ ਤਾਂ ਘਰ ਦੇ ਸੌ ਕੰਮ ਸੁਆਰਦੀ ।

ਗਿਆਨੋ — ਨੀ ਕੀ ਸੁਆਹ ਸੁਆਰਦੀ ! ਅੱਗੇ ਅਸੀਂ ਕਿਤੇ ਪੜ੍ਹੀਆਂ ਹੋਈਆਂ ਸਾਂ ? ਚੰਗਾ ਘਰ ਬਾਰ ਤੋਰਿਆ । ਕਿਸੇ ਨੂੰ ਕਦੇ ਕੋਈ ਔਖ ਨਹੀਂ ਸੀ ਹੋਈ । ਹੁਣ ਜਦ ਦੀਆਂ ਇਹ ਪੜ੍ਹਾਈਆਂ ਚਲੀਆਂ ਨੇ — ਅੰਨ ਮਹਿੰਗਾ ਹੋ ਗਿਆ, ਲੜਾਈਆਂ ਛਿੜ ਪਈਆਂ, ਰਾਜ ਨਈ ਠੀਕ ਲੜ ਲੜ ਮਰਦੇ ਨੇ । ਪਹਿਲਾਂ ਜਦੋਂ ਅੰਗਰੇਜ਼ ਦਾ ਰਾਜ ਸੀ ਤਾਂ ਸਾਰੇ ਚੁੱਪ ਸਨ, ਹੁਣ ਜਣਾ ਖਣਾ ਆਖਦਾ ਏ, ਮੈਨੂੰ ਰਾਜ ਮਿਲ ਜਾਏ । ਇਹ ਉਸ ਨੂੰ ਮਾਰਨ ਨੂੰ ਫਿਰਦਾ ਏ, ਉਹ ਇਸ ਨੂੰ ਮਾਰਨ ਨੂੰ ਫਿਰਦਾ ਏ ।

ਕੇਸਰੋ — ਇਹ ਏਸੇ ਕਰਕੇ ਤਾਂ ਹੈ ਪਈ ਅਸੀਂ ਪੜ੍ਹੀਆਂ ਨਹੀਂ ।

ਗਿਆਨੋ — ਇਹ ਗੱਲਾਂ ਤੇਰੀ ਭੈਣ ਜੀ ਨੇ ਤੇਰੇ ਢਿੱਡ ਵਿਚ ਪਾਈਆਂ ਹੋਣਗੀਆਂ । ਚੰਗਾ ਧੀਏ, ਹੁਣ ਦਾ ਜਮਾਨਾ ਹੁਣ ਨਾਲ ਏ, ਜਿਵੇਂ ਮਰਜ਼ੀ ਆਏ ਕਰੋ । (ਉਠਦੀ ਹੋਈ) ਤੁਸੀਂ ਦੋਵੇਂ ਜਿਊਂਦੇ ਰਹੋ, ਮੈਨੂੰ ਤਾਂ ਇਹੋ ਖੀਨ-ਖਾਪ ਦਾ ਸੂਟ ਐ । (ਜਾਂਦੀ ਹੋਈ ਮੁੜ ਕੇ) ਨੀ, ਮੈਂ ਤੇਰੇ ਕੋਲੋਂ ਕੀ ਲੈਣ ਆਈ ਸੀ ? ਪਤਾ ਨਹੀਂ — ਕੁਝ ਲੈਣ ਆਈ ਸਾਂ, ਪਰ ਭੁੱਲ ਗਈ । ਮੇਰਾ ਚੇਤਾ ਵੀ ਤਾਂ ਗੋਲੀ ਮਾਰਿਆ ਛਾਲਣੀ ਵਰਗੈ ਜੋ ਚੀਜ਼ ਪਾਓ, ਓਸੇ ਵੇਲੇ ਗਰਨ ਦੇਣੇ ਨਿਕਲ ਜਾਂਦੀ ਏ ।

ਕੇਸਰੋ — ਬੈਠ ਜਾ, ਯਾਦ ਕਰ ਲੈ ।

ਗਿਆਨੋ — (ਬੈਠ ਕੇ) ਪੱਲੇ ਨੂੰ ਗੰਢ ਤਾਂ ਮਾਰੀ ਹੋਈ ਏ, ਪਰ ਭੁੱਲ ਗਈ । ਖੌਰੇ ਕੀ ਲੈਣ ਆਈ ਸਾਂ ? ਸ਼ੈਂਤ ਸੇਵੀਆਂ ਵੱਟਣ ਵਾਲੀ ਘੋੜੀ ਲੈਣ ਆਈ ਸਾਂ । ਤੇਰੇ ਕੋਲ ਘੋੜੀ ਹੈ ਕਿ ਤੂੰ ਵੀ ਘੜੇ ਉਤੇ ਵੱਟਦੀ ਹੁੰਨੀ ਐਂ ?

ਕੇਸਰੋ — ਮੈਂ ਤਾਂ ਘੜੇ ਉਤੇ ਈ ਦੋ ਚਾਰ ਸੇਰ ਲਾਹ ਲੈਂਨੀ ਆਂ ।

ਗਿਆਨੋ — ਸੇਵੀਆਂ ਦੀ ਗੱਲ ਤਾਂ ਨਹੀਂ ਸੀ — ਹਾਂ, ਯਾਦ ਆਇਆ,

ਮੈਂ ਸੁਣਿਆ ਏ, ਲੱਖਾ ਬੰਗਾਲ ਤੋਂ ਸੁਰਮਾ ਲੈ ਕੇ ਆਇਆ ਏ। ਮੇਰੀ ਨਿਗਾਹ ਰਤਾ ਕਮਜ਼ੋਰ ਐ, ਨਿਰ੍ਹਾਤਾ ਹੋ ਗਿਆ। ਹਨੇਰੇ ਸਵੇਰੇ ਦਿੱਸਦਾ ਨਹੀਂ। ਮੈਂ ਆਖਿਆ ਜੇ ਸੁਰਮਾ ਹੋਵੇ ਤਾਂ ਮੈਂ ਵੀ ਇਕ ਚੂੰਢੀ ਲੈ ਆਵਾਂ। ਨਿਤ ਇਕ ਸਲਾਈ ਫੇਰ ਲਿਆ ਕਰਾਂਗੀ, ਸ਼ੈਤ ਨਿਗਾਹ ਟਿਕ ਜਾਏ।

ਲੱਖਾ — ਨਾ ਬੇਬੀ, ਮੈਂ ਤਾਂ ਕੋਈ ਸੁਰਮਾ ਲੈ ਕੇ ਨਹੀਂ ਆਇਆ।

ਗਿਆਨੋ — ਤਾਂ ਮੈਨੂੰ ਭੁਲੇਖਾ ਲੱਗਾ, ਚੰਗਾ — ਤੁਸੀਂ ਦੋਵੇਂ ਜੋਤਾਂ ਜਗਦੀਆਂ ਰਹੋ, ਮੈਨੂੰ ਹੋਰ ਕੀ ਚਾਹੀਦਾ ਹੈ।

ਉਹ ਜਾਂਦੀ ਜਾਂਦੀ ਫਿਰ ਮੁੜ ਆਉਂਦੀ ਹੈ।

ਹਾਂ ਸੱਚ! ਆ ਗਈ ਗੱਲ ਯਾਦ। ਆਹ ਗਰੀਬੂ ਸ਼ਾਹ ਨੂੰ ਦੇਖਣ ਆਈ ਸਾਂ ਪਈ ਹੱਟੀ ਉਤੇ ਬੈਠੈ ਕਿ ਨਹੀਂ।

ਕੇਸਰੋ — ਕਿਉਂ, ਇਸ ਤਾਈਂ ਕੀ ਕੰਮ ਪੈ ਗਿਆ?

ਗਿਆਨੋ — ਕੁਸ਼ ਰੁਪਏ ਲੈਣੇ ਸਨ। ਆਖਦਾ ਸੀ, ਲਿਹਾਜ ਵਿਚ ਦੇ ਦਊਂਗਾ।

ਲੱਖਾ — ਰੁਪਈਆਂ ਦੀ ਕੀ ਲੋੜ ਪੈ ਗਈ?

ਗਿਆਨੋ — ਬੀਬਾ ਤੇਰੇ ਕੋਲੋਂ ਕੀ ਲਕੋ? ਘੁੱਦੇ ਪਾਸੋਂ ਮੈਂਹ ਲੀਤੀ ਸੀ — ਉਹੀ ਬੂਰੀ। ਕੱਟੀ ਜੰਮ ਕੇ ਮਰ ਗਈ। ਉਧਰ ਘੱਦੇ ਨੇ ਸੂਲੀ ਟੰਗ ਰਖਿਆ ਏ। ਨਿੱਤ ਆਥਣੇ ਤੜਕੇ ਆ ਕੇ ਸਾਡੀ ਦੇਲ੍ਹੀ ਨੀਵੀਂ ਕਰ ਦਿਤੀ ਐ। ਕੱਲ੍ਹ ਪਰੈਤ ਸੱਦਣ ਨੂੰ ਫਿਰਦਾ ਸੀ। ਉਸ ਤਾਂ ਗੂਠਾ ਵੀ ਪੱਕੇ ਕਾਗਤ ਉਤੇ ਲੁਆਇਆ ਸੀ। ਹੁਣ ਕੁੜਕੀ ਦਾ ਡਰਾਵਾ ਦੇਂਦਾ ਐ। ਮੈਂ ਆਖਿਆ, ਏਸ ਮੁਠ ਕੱਢਾਂ ਤੇ ਓਸ ਮੁਠ ਪਾਵਾਂ — ਗਰੀਬੂ ਤੋਂ ਕੁਝ ਪੈਸੇ ਫੜ ਕੇ ਏਸ ਘੁੱਦੇ ਦਾ ਤਾਂ ਨਿਤ ਦਾ ਸਿਆਪਾ ਮੁਕਾਵਾਂ। ਸੋ ਗਰੀਬੂ ਨੂੰ ਦੇਖਣ ਆਈ ਸਾਂ, ਉਹ ਹੱਟੀ ਉਤੇ ਈ ਨਹੀਂ ਬੈਠਾ। ਚੰਗਾ ਮੈਂ ਹੁਣ ਚੱਲਦੀ ਆਂ, ਫਿਰ ਕਿਸੇ ਵੇਲੇ ਗੇੜਾ ਮਾਰੂੰਗੀ।

ਗਿਆਨੋ ਚਲੀ ਜਾਂਦੀ ਹੈ।

ਲੱਖਾ — ਬੇਬੀ ਦਾ ਚੇਤਾ ਤਾਂ ਖੀਨ-ਖਾਪ ਦੀ ਕੁੜਤੀ ਵਿਚ ਅੜਿਆ ਪਿਆ ਐ, ਹੋਰ ਏਸ ਨੂੰ ਕੁਝ ਕਿਵੇਂ ਯਾਦ ਆਵੇ।

ਕੇਸਰੋ — ਵਿਚਾਰੀ ਚੰਗੀ ਐ। ਤੇਰੇ ਨਾਲ ਤਾਂ ਇਸ ਦਾ ਪਹਿਲੇ ਦਿਨੋਂ ਪਿਆਰ ਏ। ਜਦੋਂ ਦੇਖ ਲੈਂਦੀ ਐ, ਅਸੀਸਾਂ ਨਾਲ ਡੱਕ ਦੇਂਦੀ ਐ। ਇਹ ਕੋਟ



ਤਾਂ ਲਾਹ ਜਾ, ਇਹਦੀਆਂ ਬਾਹਵਾਂ ਪਾਟ ਗਈਆਂ ਨੇ, ਤੋਪਾ ਲਾ ਛੱਡੂਗੀ।

ਲੱਖਾ — ਪੁਰਾਣੀ ਵਰਦੀ ਵਿਚੋਂ ਬਸ ਹੁਣ ਇਹ ਕੋਟ ਈ ਰਹਿ ਗਿਆ ਐ।

ਕੇਸਰੋ — ਤੂੰ ਇਸ ਨੂੰ ਖੇਤ ਜਾਣ ਲੱਗੇ ਵੀ ਠੁਸੀ ਰੱਖਦਾ ਐਂ। ਅੱਜ ਕੱਲ੍ਹ ਕੀ ਲੋੜ ਐ? ਜਦ ਸਮੇਂ ਬਦਲੀ ਤਾਂ ਪਾ ਲਵੀਂ।

ਲੱਖਾ — (ਕੋਟ ਲਾਹ ਕੇ) ਇਸ ਦੇ ਬਟਨ ਤਾਂ ਹੁਣ ਤੀਕ ਲਿਸ਼ਕਦੇ ਨੇ, ਬਾਕੀ ਭਾਵੇਂ ਸਾਰਾ ਖੁਸ ਗਿਆ ਏ।

ਕੇਸਰੋ — ਬਟਨਾਂ ਦਾ ਈ ਤਾਂ ਸਰਕਾਰ ਖ਼ਿਆਲ ਰੱਖਦੀ ਐ। ਬਸ ਬਟਨ ਲਿਸ਼ਕਦੇ ਰਹਿਣ। ਏਸੇ ਉਤੇ ਸ਼ਪਾਹੀ ਮਰ ਮਿਟਦੇ ਨੇ। ਲਿਆ ਦੇ ਕੋਟ।

ਲੱਖਾ ਕੋਟ ਦੇਂਦਾ ਹੈ। ਉਹ ਕੋਟ ਲੈ ਕੇ ਸੀਣ ਬੈਠ ਜਾਂਦੀ ਹੈ। ਲੱਖਾ ਕਹੀ ਚੁੱਕ ਕੇ ਖੇਤ ਚਲਿਆ ਜਾਂਦਾ ਹੈ।

ਖੱਬੇ ਪਾਸਿਓਂ ਗ਼ਰੀਬੂ ਸ਼ਾਹ ਵਹੀ ਚੁੱਕੀ ਆਉਂਦਾ ਹੈ। ਉਹ ਅਸਾਮੀਆਂ ਤੋਂ ਨਾਵਾਂ ਉਗਰਾਹ ਕੇ ਆਇਆ ਹੈ। ਉਹ ਹੱਟੀ ਤੇ ਬੈਠ ਜਾਂਦਾ ਹੈ ਤੇ ਸਾਫ਼ਾ ਲਾਹ ਕੇ ਰੱਖ ਦੇਂਦਾ ਹੈ। ਉਬਾਸੀ ਲੈਂਦਾ ਹੈ ਤੇ ਧੋਤੀ ਨਾਲ ਮੱਥੇ ਦਾ ਮੁੜ੍ਹਕਾ ਸੁਕਾਉਂਦਾ ਹੈ। ਰੁਲਦੂ ਚਿਲਮ ਵਿਚ ਅੱਗ ਰੱਖੀ ਫੂਕਾਂ ਮਾਰਦਾ ਹੋਇਆ ਆਉਂਦਾ ਹੈ ਤੇ ਹੁੱਕੇ ਉਤੇ ਰੱਖ ਕੇ ਨੜੀ ਗ਼ਰੀਬੂ-ਸ਼ਾਹ ਵਲ ਫੇਰਦਾ ਹੈ।

ਗਰੀਬੂ ਸ਼ਾਹ — (ਘੁੱਟ ਲੈ ਕੇ) ਸ਼ਾਵਾ ਪੁੱਤ, ਏਸ ਤਰ੍ਹਾਂ ਕੰਮ ਕਰੀਦਾ ਐ। ਪਿੱਛੋਂ ਹੱਟੀ ਉੱਤੇ ਕੋਈ ਆਇਆ ਤਾਂ ਨਹੀਂ ਸੀ?

ਰੁਲਦੂ — ਨਹੀਂ ਲਾਲਾ, ਕੋਈ ਨਹੀਂ ਸੀ ਆਇਆ।

ਗਰੀਬੂ ਸ਼ਾਹ — ਅੱਜ ਤਾਂ ਕੋਈ ਅਜ਼ਾਮੀ ਵੀ ਨਹੀਂ ਤਰੀ। ਫੇਰੇ ਪਾ ਪਾ ਕੇ ਜੁੱਤੀਆਂ ਵੀ ਟੁੱਟ ਗਈਆਂ ਨੇ। (ਹਾਉਕਾ ਲੈ ਕੇ) ਜਾਹ, ਜਾ ਕੇ ਆਪਣੀ ਬੇਬੇ ਨੂੰ ਆਖ ਅੱਜ ਅਣ-ਧੋਤੀ ਮੂੰਗੀ ਦੀ ਦਾਲ ਈ ਚਾੜ੍ਹੇ।

ਡਾਕੀਆ ਆਉਂਦਾ ਹੈ। ਗਰੀਬੂ ਸ਼ਾਹ ਉਸ ਨੂੰ ਹਾਕ ਮਾਰਦਾ ਹੈ।

ਗਰੀਬੂ ਸ਼ਾਹ — ਆ ਬਈ ਸ਼ਿਬਿਆ! ਵੰਡ ਆਇਐਂ ਚਿੱਠੀਆਂ?

ਡਾਕੀਆ — ਹੋਰ ਅਸੀਂ ਕੋਈ ਤੇਰੇ ਵਾਂਗ ਸਾਂਭ ਸਾਂਭ ਕੇ ਥੋੜ੍ਹਾ ਈ ਰੱਖਣੀਆਂ ਹਨ। ਜੋ ਕੁਝ ਥੈਲੇ ਵਿਚ ਹੁੰਦਾ ਏ, ਸਭ ਖ਼ਾਲੀ ਕਰ ਦੇਨੇ ਆਂ। ਤੇਰੇ

ਵਾਂਗ ਨਹੀਂ, ਪਈ ਜੋ ਚੀਜ਼ ਇਕ ਵਾਰ ਥੈਲੀ ਵਿਚ ਪੈ ਗਈ, ਉਸ ਨੂੰ ਹਵਾ ਨਹੀਂ ਲਵਾਉਣੀ।

ਰੁਲਦੂ ਚਲਾ ਜਾਂਦਾ ਹੈ। ਗਰੀਬੂ ਸ਼ਾਹ ਹੁੱਕੇ ਦੇ ਘੁੱਟ ਭਰਦਾ ਹੈ।

ਡਾਕੀਆ ਗਰੀਬੂ ਸ਼ਾਹ ਦੇ ਕੋਲ ਤਖ਼ਤਪੋਸ਼ ਉੱਤੇ ਬੈਠ ਜਾਂਦਾ ਹੈ ਤੇ ਹੁੱਕਾ ਪੀਂਦਾ ਹੈ।

ਗਰੀਬੂ ਸ਼ਾਹ — ਹੁਣ ਤਾਂ ਦੇਈ ਦੀ ਸੌਂਹ, ਅੰਦਰੋਂ ਕੱਢ ਕੇ ਖਾਈਦਾ ਏ। ਕੁਸ਼ ਵੱਟਤ ਨਹੀਂ — ਪਤਾ ਨਹੀਂ ਲੋਕਾਂ ਕੋਲੋਂ ਰੁਪਿਆ ਕਿਧਰ ਉੱਡ ਗਿਆ ?

ਡਾਕੀਆ — ਉੱਡ ਕੇ ਉਸ ਕਿੱਥੇ ਜਾਣਾ ਏ ? ਤੇਰੀ ਥੈਲੀ ਵਿਚ ਈ ਆਉਣਾ ਏ ਨਾ।

ਗਰੀਬੂ ਸ਼ਾਹ — ਸਾਰਾ ਦਿਨ ਮਨ ਮਾਰ ਕੇ ਬੈਠਦੇ ਹਾਂ, ਤਾਂ ਮਸਾਂ ਆਥਨ ਤੀਕ ਦੋ ਦਮੜੇ ਜੁੜਦੇ ਨੇ।

ਡਾਕੀਆ — ਤੂੰ ਠੀਕ ਮਨ ਮਾਰਦਾ ਐਂ, ਕੀ ਅੰਤ ਏ ਤੇਰੇ ਮਨ ਮਾਰਨ ਦਾ ! ਬਗਲਾ ਵੀ ਦਰਿਆ ਦੇ ਕੰਢੇ ਮਨ ਮਾਰ ਕੇ ਈ ਇਕ ਟੰਗ ਦੇ ਭਾਰ ਖੜੋਂਦਾ ਏ। ਮੈਨੂੰ ਦੇਖ, ਤੜਕੇ ਤੋਂ ਆਥਨ ਤੀਕ ਦਰ ਦਰ ਜਾਨਾਂ ਆਂ, ਹਰ ਇਕ ਦਾ ਬੂਹਾ ਖੜਕਾਉਂਦਾ ਆਂ, ਫਿਰ ਜਾ ਕੇ ਕਿਤੇ ਮਹੀਨੇ ਪਿੱਛੋਂ ਤਨਖ਼ਾਹ ਦਿੱਸਦੀ ਐ। ਮੈਂ ਫਿਰ ਵੀ ਖ਼ੁਸ਼ ਆਂ, ਚਲੋ ਦਿਨ ਲੰਘ ਰਹੇ ਹਨ।

ਗਰੀਬੂ ਸ਼ਾਹ — ਏਥੇ ਤਾਂ ਕਿਰਸਾਂ ਕਰ ਕਰ, ਢਿੱਡ ਰਗੜ ਰਗੜ ਕੇ ਮਸਾਂ ਡੰਗ ਨਭਾਉਣੇ ਆਂ। ਦੇਈ ਦੀ ਸੌਂਹ, ਕੋਈ ਵਪਾਰ ਨਹੀਂ ਫਲਦਾ।

ਡਾਕੀਆ — ਮੇਰੀ ਗੱਲ ਮੰਨ।

ਗਰੀਬੂ ਸ਼ਾਹ — ਕੀ ?

ਡਾਕੀਆ — ਗੰਢੇ ਵੇਚ।

ਗਰੀਬੂ ਸ਼ਾਹ — ਗੰਢੇ ?

ਡਾਕੀਆ — ਹਾਂ ਗੰਢੇ, ਬੜਾ ਨਫ਼ਾ ਕਮਾਏਂਗਾ।

ਗਰੀਬੂ ਸ਼ਾਹ — ਉਹ ਕਿਵੇਂ ?

ਡਾਕੀਆ — ਹੁਣ ਅੱਗੇ ਤੋਂ ਲੋਕਾਂ ਨੂੰ ਘਿਉ, ਸਬਜ਼ੀਆਂ, ਤਰਕਾਰੀਆਂ ਤੇ ਪਕਵਾਨ ਕਿੱਥੇ ਜੁੜਨੇ ਨੇ, ਉਨ੍ਹਾਂ ਗੰਢਿਆਂ ਨਾਲ ਈ ਰੋਟੀ ਖਾਣੀ ਐ।



ਇਕ ਕੋਠਾ ਗੰਢਿਆਂ ਦਾ ਭਰ ਲੈ, ਤੀਣੇ ਹੋ ਜਾਣਗੇ।

ਗਰੀਬੂ ਸ਼ਾਹ — ਮਖ਼ੌਲਾਂ ਛੱਡ।

ਡਾਕੀਆ — ਨਹੀਂ ਗਰੀਬੂ ਸ਼ਾਹ, ਮੇਰੀ ਗੱਲ ਯਾਦ ਰੱਖੀਂ।

ਗਰੀਬੂ ਸ਼ਾਹ — ਤੇ ਜੇ ਸਲਾਭੇ ਵਿਚ ਕੋਠੇ ਦਾ ਕੋਠਾ ਗਲ ਗਿਆ, ਤਾਂ ?

ਡਾਕੀਆ—ਤਾਂ ਤੇਰਾ ਵਪਾਰ ਹੋ ਜਾਊ ਤੇ ਵੱਡ ਵਡੇਰਿਆਂ ਦਾ ਅਖਾਣ ਸੱਚਾ ਹੋ ਜਾਊ — ਜਦੋਂ ਕੋਈ ਆਖੂਗਾ, "ਹਾਏ ਗਲ ਗਏ ਗੰਢੇ !" ਤਾਂ ਤੈਨੂੰ ਯਾਦ ਕਰੂਗਾ।

ਗਰੀਬੂ ਸ਼ਾਹ — ਪੰਡਤਾ, ਤੂੰ ਤਾਂ ਮਸ਼ਕਰੀਆਂ ਕਰਦਾ ਏਂ। ਛੀ ਮਹੀਨੇ ਪਹਿਲਾਂ ਜਦ ਤੂੰ ਇਸ ਪਿੰਡ ਆਇਆਂ ਸੈਂ, ਤਾਂ ਤੇਰੇ ਮੂੰਹ ਵਿਚ ਜੀਭ ਵੀ ਨਹੀਂ ਸੀ ਹੁੰਦੀ, ਹੁਣ ਕੇਡੀਆਂ ਗੱਲਾਂ ਮਾਰਦਾ ਐਂ। ਪੰਡਤਾਂ ਨੂੰ ਗੱਲਾਂ ਆਉਂਦੀਆਂ ਵੀ ਬਹੁਤੀਆਂ ਨੇ। ਬਈ ਤੇਰਾ ਕੰਮ ਬੜਾ ਖਰਾ ਏ, ਜਣਾ ਖਣਾ ਉਡੀਕਦਾ ਏ, ਭਾਵੇਂ ਚੂਹੜਾ ਹੋਵੇ ਤੇ ਭਾਵੇਂ ਰਾਜਾ ਤੇ ਭਾਵੇਂ ਤਸੀਲਦਾਰ ਤੇ ਭਾਵੇਂ ਨਾਈ — ਸਾਰੇ ਤੇਰੀ ਬਿੜਕ ਲੈਂਦੇ ਨੇ।

ਡਾਕੀਆ — ਅਸੀਂ ਕੰਮ ਜੋ ਵੰਡਣ ਦਾ ਕਰਦੇ ਹਾਂ।

ਗਰੀਬੂ ਸ਼ਾਹ — ਦੇਈ ਦੀ ਸੌਂਹ, ਅਸੀਂ ਤਾਂ ਆਪ ਲੋਕਾਂ ਨੂੰ ਦੇਣ ਦਾ ਕੰਮ ਕਰਕੇ ਰਾਜੀ ਆਂ, ਪਰ ਕੋਈ ਲੈਣ ਈ ਨਹੀਂ ਆਉਂਦਾ।

ਡਾਕੀਆ — ਫ਼ਿਕਰ ਨਾ ਕਰ, ਲੈਣ ਵਾਲੇ ਵੀ ਹੁਣ ਆਏ ਸਮਝ। ਜਦੋਂ ਲੈਣ ਵਾਲੇ ਆਏ ਤਾਂ ਤੈਨੂੰ ਨੱਸਣ ਲਈ ਕਿਤੇ ਰਾਹ ਵੀ ਨਹੀਂ ਲੱਭਣਾ। ਚੰਗਾ ਬਈ ਗਰੀਬੂ ਸ਼ਾਹ, ਤੂੰ ਆਪਣਾ ਹਿਸਾਬ ਜੋੜ, ਮੈਂ ਚੱਲਦਾ ਹਾਂ ਹੁਣ।

ਗਰੀਬੂ ਸ਼ਾਹ — ਬੈਠ ਤਾਂ ਸਹੀ, ਸਾਡਾ ਕੰਮ ਤਾਂ ਏਸੇ ਤਰ੍ਹਾਂ ਚੱਲਦਾ ਰਹਿੰਦਾ ਏ।

ਡਾਕੀਆ — ਤੇਰਾ ਕੰਮ ਤਾਂ ਬੈਠਿਆਂ ਵੀ ਹੋ ਜਾਊ, ਪਰ ਮੇਰਾ ਤਾਂ ਤੁਰੇ ਫਿਰੇ ਬਾਝ ਗੁਜ਼ਾਰਾ ਨਹੀਂ। ਹਾਲੇ ਫਿਰ ਡਾਕਖ਼ਾਨੇ ਜਾਣਾ ਏ।

ਡਾਕੀਆ ਜਾਂਦਾ ਹੈ। ਗਰੀਬੂ ਸ਼ਾਹ ਥੋੜ੍ਹਾ ਚਿਰ ਹਿਸਾਬ ਦੇਖਦਾ ਹੈ।

ਗਿਆਨੋ ਤੇ ਨੱਥੀ ਆਉਂਦੀਆਂ ਹਨ।

ਗਰੀਬੂ ਸ਼ਾਹ — ਕਿਵੇਂ ਆਈ ਗਿਆਨੋ ਬੀਬੀ ?

ਗਿਆਨੋ — ਤੇਰੇ ਕੋਲ ਕਾਸ ਨੂੰ ਆਈਦਾ ਭਾਈ, ਤੈਨੂੰ ਪਤਾ ਈ ਐ ਨਾ। ਕੁਸ਼ ਪੈਸਿਆਂ ਦੀ ਲੋੜ ਪੈ ਗਈ ਸੀ — ਕਈ ਦਿਨਾਂ ਦੀ ਸੋਚਦੀ ਸੀ

ਪਈ ਆਵਾਂ ਕਿ ਨਾ।

ਗਰੀਬੂ ਸ਼ਾਹ — ਲੈ, ਇਹ ਤੇਰੀ ਆਪਣੀ ਹੱਟ ਐ। ਮੇਰੇ ਬਾਈ ਜੀ ਤੋਂ ਤੇਰਾ ਮਾਲਕ ਵੀਹ ਵਾਰੀ ਰੁਪਏ ਲੈ ਗਿਆ ਹਊ ਤੇ ਸੋ ਵਾਰੀ ਮੋੜ ਗਿਆ ਹਊ। ਸਾਡਾ ਕੋਈ ਅੱਜ ਦਾ ਵਿਹਾਰ ਏ। ਨੀ, ਇਹ ਤਾਂ ਪੀੜ੍ਹੀਆਂ ਤੋਂ ਤੁਰਿਆ ਆਉਂਦਾ ਏ।

ਨੱਥੀ — ਅਸੀਂ ਮੈਂਹ ਦੇ ਰੁਪਈਏ ਤਾਰਨੇ ਸਨ, ਚਿਰ ਹੋ ਗਿਆ ਸੀ।

ਗਰੀਬੂ ਸ਼ਾਹ — ਕਿਹੜੀ ਮੈਂਹ, ਉਹੀ ਬੱਗੀ ਪੂਛ ਵਾਲੀ?

ਨੱਥੀ — ਹਾਂ, ਉਹੀ।

ਗਰੀਬੂ ਸ਼ਾਹ — ਬੱਗੀ ਪੂਛ ਮਾੜੀ ਹੁੰਦੀ ਐ। ਮੈਂ ਤਾਂ ਉਸ ਦਾ ਮੱਥਾ ਦੇਖ ਕੇ ਈ ਆਖ ਦਿਤਾ ਸੀ ਪਈ ਏਸ ਨੇ ਸਾਲ ਤੋਂ ਵੱਧ ਨਹੀਂ ਕੱਟਣਾ, ਪਰ ਤੂੰ ਮੇਰੀ ਗੱਲ ਈ ਨਾ ਮੰਨੀ। ਕਿੰਨੇ ਲਵੇਰੇ ਨੇ ਹੁਣ?

ਨੱਥੀ — ਬਸ ਇਕੋ ਗਾਂ ਰਹਿ ਗਈ ਏ।

ਗਿਆਨੋ — ਤੇ ਗਾਂ ਵੀ ਇਸ ਦਾ ਮਾਮਾ ਛੱਡ ਗਿਆ ਸੀ। ਮੈਂ ਆਖਿਆ, ਚਾਰਾ ਪੱਠਾ ਖੇਤੋਂ ਆ ਜਾਂਦਾ ਏ, ਹਰੇ ਕਚੂਰ ਨੂੰ ਮੂੰਹ ਮਾਰ ਕੇ ਦੁੱਧ ਦੇ ਦੇਂਦੀ ਐ, ਬੜੀ ਅਸੀਲ ਐ।

ਗਰੀਬੂ ਸ਼ਾਹ — (ਉਨ੍ਹਾਂ ਦੀਆਂ ਗੱਲਾਂ ਵਿਚ ਡੂੰਘੀ ਦਿਲਚਸਪੀ ਲੈਂਦੇ ਹੋਏ) ਸੁਣਿਆ ਸੀ ਇਸ ਦਾ ਮਾਮਾ ਊਠ ਤੋਂ ਡਿੱਗ ਪਿਆ ਸੀ — ਹੁਣ ਅਰਾਮ ਏ ਕੀ?

ਗਿਆਨੋ — ਹਾਂ ਭਾਈ, ਹੁਣ ਤਾਂ ਠੀਕ ਏ, ਛੇਤੀ ਅਰਾਮ ਆ ਗਿਆ। ਨਹੀਂ ਤਾਂ ਊਠ ਤੋਂ ਡਿਗਿਆ ਭੈੜਾ ਈ ਹੁੰਦਾ ਏ।

ਗਰੀਬੂ ਸ਼ਾਹ — ਊਠ ਮਸਤ ਗਿਆ ਹੋਣਾ ਏ?

ਗਿਆਨੋ — ਹੋਰ, ਜਨੌਰ ਦਾ ਕੀ ਵਸਾਹ?

ਗਰੀਬੂ ਸ਼ਾਹ — (ਵਿਚੋਂ ਗੱਲ ਟੁੱਕ ਕੇ) ਕਿੰਨੇ ਕੁ ਲੈਣ ਆਈ ਐਂ?

ਗਿਆਨੋ — ਛੀ ਵੀਹਾਂ।

ਗਰੀਬੂ ਸ਼ਾਹ — ਛੀ ਵੀਹਾਂ!

ਨੱਥੀ — ਹਾਂ ਭਾਈ, ਛੀ ਵੀਹਾਂ ਤੋਂ ਘੱਟ ਨਹੀਂ ਸਰਨਾ।

ਗਰੀਬੂ ਸ਼ਾਹ — ਪਤਾ ਨਹੀਂ ਗੱਲੇ ਵਿਚ ਹਨ ਵੀ ਕਿ ਨਹੀਂ।

ਉਹ ਚਾਬੀ ਨਾਲ ਗੱਲਾ ਖੋਲ੍ਹਦਾ ਹੈ।

ਗਿਆਨੋ — (ਗੱਲ ਨੂੰ ਉਸੇ ਤਰ੍ਹਾਂ ਸੁਆਦ ਨਾਲ ਬਿਆਨ ਕਰਦਿਆਂ)



ਮਸਤਿਆ ਊਠ ਬੜਾ ਭੈੜਾ। ਬਸ ਰੇਤੇ ਦੇ ਟਿੱਬਿਆਂ ਉਤੋਂ ਦੀ ਮੁੱਘਾ ਕੱਢਦਾ ਹੋਇਆ ਦੌੜ ਪਿਆ। ਇਹ ਊਠ ਨੱਥੀ ਦੇ ਨਾਨੇ ਦੇ ਵੱਲੋਂ ਦੇਣ ਈ ਸੀ, ਉਸ ਦੀ ਤਾਂ ਅੱਖ ਪਛਾਣਦਾ ਸੀ, ਜਿੱਧਰ-ਮਰਜ਼ੀ ਤੁਰਦਾ ਸੀ, ਭਾਵੇਂ ਉਤੇ ਪਾਣੀ ਦਾ ਛੰਨਾ ਲੈ ਕੇ ਬੈਠ ਜਾਓ, ਮਜਾਲ ਐ ਡੁਲ੍ਹ ਜਾਏ।

ਗਰੀਬੂ ਸ਼ਾਹ — ਛੀ ਵੀਹਾਂ ਆਖਿਆ ਸੀ ਨਾ ਤੂੰ? ਚਲ, ਤੇਰਾ ਕੰਮ ਤਾਂ ਸਾਰ ਦਵਾਂਗਾ, ਭਾਵੇਂ ਔਖਾ ਹੋਵਾਂ ਭਾਵੇਂ ਸੌਖਾ। (ਨੱਥੀ ਨੂੰ) ਕੁਝ ਲੈ ਕੇ ਆਈ ਐਂ ਛਾਪ ਛੱਲਾ?

ਗਿਆਨੋ — ਛਾਪ ਛੱਲਾ ਵਿਚਾਰੀ ਕੋਲ ਕਿਹੜਾ ਰਹਿ ਗਿਆ ਹੁਣ? ਬਸ ਹੱਥ ਦੀ ਇਕ ਕੰਗਣੀ ਐ ਤੇ ਚਾਂਦੀ ਦੀਆਂ ਦੋ ਬਾਂਕਾਂ।

ਗਰੀਬੂ ਸ਼ਾਹ — ਦੇਖਾਂ?

ਨੱਥੀ — (ਪੋਟਲੀ ਵਿਚੋਂ ਕੱਢ ਕੇ) ਲੈ।

ਗਰੀਬੂ ਸ਼ਾਹ — (ਬਾਂਕਾਂ ਨੂੰ ਖੜਕਾ ਕੇ) ਊਂਹ ਹੂੰ। ਅੱਧਾ ਖੋਟ। ਕਿਹੜੇ ਸੁਨਿਆਰ ਨੇ ਘੜੀਆਂ ਸਨ?

ਨੱਥੀ — ਪਰਸੂ ਨੇ, ਹੁਣ ਤਾਂ ਉਹ ਮਰ ਵੀ ਗਿਆ।

ਗਰੀਬੂ ਸ਼ਾਹ — ਬੱਸ, ਬਸ। ਖੋਟ ਪਾਉਣ ਵਿਚ ਤਾਂ ਉਹ ਦੂਰ ਦੂਰ ਤੀਕ ਮਸ਼ਹੂਰ ਸੀ। ਇਹ ਕੰਗਣੀ ਵੀ ਨਰਮ ਈ ਐ।

ਨੱਥੀ — ਪਰ ਇਹ ਦੋਵੇਂ ਸੌ ਤੋਂ ਘਟ ਦੀਆਂ ਨਹੀਂ।

ਗਰੀਬੂ ਸ਼ਾਹ — ਕਮਲੀ! ਨੀ ਭੋਲੀਏ ਕਿਸੇ ਨੇ ਭਵਾ ਦਿਤਾ ਹੋਣਾ ਏ ਤੈਨੂੰ। ਜੇ ਮੇਰਾ ਇਤਬਾਰ ਨਹੀਂ ਤਾਂ ਭਾਵੇਂ ਕਿਸੇ ਸੁਨਿਆਰ ਨੂੰ ਵਖਾ ਲੈ। ਪਰ ਸੁਨਿਆਰ ਨੇ ਰਤਾ ਹੱਥ ਲਾਇਆ, ਨਾਲੋਂ ਇੱਧੜ ਲਾਹ ਲਵੇਗਾ, ਫਿਰ ਨਾ ਮੈਨੂੰ ਆਖੀਂ। ਅੱਜ ਕੱਲ ਸੁਨਿਆਰਿਆਂ ਦਾ ਇਹੋ ਕੰਮ ਰਹਿ ਗਿਆ ਏ ਬਸ। ਜੇ ਮੈਂ ਬਹੁਤਾ ਲਿਹਾਜ਼ ਵੀ ਕਰਾਂ ਤੇ ਵੱਧ ਤੋਂ ਵੱਧ ਮੁੱਲ ਪਾਵਾਂ ਤਾਂ ਸੱਠਾਂ ਤੋਂ ਉਤੇ ਨਹੀਂ ਬੈਠਦਾ। ਇਹ ਕੰਗਣੀ ਮਸਾਂ ਪੌਣੇ ਤੋਲੇ ਦੀ ਹੈ, ਵਿਚ ਅੱਧਾ ਖੋਟ — ਤੇ ਇਹ ਬਾਂਕਾਂ ਪੰਦਰਾਂ ਭਰ ਮਸਾਂ ਹੋਣਗੀਆਂ। ਮੈਂ ਤੇ ਸੱਠ ਵੀ ਬਹੁਤੇ ਆਖ ਦਿਤੇ ਨੇ। ਜੇ ਦੋਹਾਂ ਨੂੰ ਨਿਆਰੀਆ ਸੋਧਣ ਬੈਠੇ ਤਾਂ ਅੱਧਾ ਗਿਲਟ ਨਿਕਲੇ।

ਨੱਥੀ — ਪਰ ਬਾਂਕਾਂ ਤਾਂ ਕੁਰਜਾਂ ਦੀ ਚਾਂਦੀ ਦੀਆਂ ਬਣੀਆਂ ਹੋਈਆਂ ਨੇ।

ਗਰੀਬੂ ਸ਼ਾਹ — ਨੀ ਕੁਰਜਾਂ ਨੂੰ ਢਾਲਿਆ ਤਾਂ ਸੁਨਿਆਰ ਨੇ ਈ ਸੀ ਨਾ।

ਤੇ ਨਾਲੇ ਤੂੰ ਔੜੀਆਂ ਦਲੀਲਾਂ ਵਿਚ ਕੀ ਪੈ ਗਈ, ਰੁਪਈਏ ਤੇਰੇ ਛੀ ਵੀਹਾਂ ਹੀ ਦੇ ਦਊਂ। ਇਹ ਗਹਿਣਾ ਕਿਹੜਾ ਮੈਂ ਵਿਚੋਂ ਕੱਢਣਾ ਏ, ਬਸ ਤੇਰੇ ਨਾਂ ਹੇਠ ਰੱਖ ਦਊਂਗਾ।

ਨੱਥੀ — ਬਿਆਜ ਕੀ ਲਾਵੇਂਗਾ ?

ਗਰੀਬੂ ਸ਼ਾਹ — ਅੱਜ ਤੀਕ ਕਦੇ ਨਾ ਪੁੱਛਿਆ ਤੇਰੇ ਘਰੋਂ ਕਿਸੇ ਨੇ, ਨੀ ਸਾਡੇ ਨਾਲ ਤਾਂ ਪੀੜ੍ਹੀਆਂ ਦਾ ਰਿਸ਼ਤਾ ਏ। ਭੋਲੀ !

ਗਿਆਨੋ — ਦੇਖੀਂ ਗਰੀਬੂ ਸ਼ਾਹ, ਕਿਤੇ ਗਰੀਬ ਮਾਰ ਨਾ ਕਰ ਦੇਵੀਂ, ਹੁਣ ਸਾਡੇ ਵਿਚ ਪਹਿਲਾਂ ਵਰਗੀ ਪਰਖੋਂ ਹੈ ਨਹੀਂ। (ਅੱਖਾਂ ਭਰ ਕੇ) ਜਦ ਦਾ ਸਰਬਨ ਗੁਜ਼ਰਿਆ ਏ, ਘਰ ਨੂੰ ਸੁੰਨ ਸਰਾਂ ਬਣਾ ਗਿਆ ਏ। ਸ਼ਾਵਾ-ਸੋ ਨੱਥੀ ਦੇ ਜੋ ਧੀਰਜ ਧਰੀ ਬੈਠੀ ਐ, ਪਰ ਮਾਵਾਂ ਦੇ ਕਾਲਜੇ ਤਾਂ ਕਿਸੇ ਗੱਲੋਂ ਨਹੀਂ ਠਰਦੇ। ਨਿੱਕਾ ਪੋਤਾ ਹਾਲੇ ਛੋਟਾ ਐ, ਮਦਰੱਸੇ ਪੜ੍ਹਦੈ, ਸੁੱਖ ਨਾਲ ਓਹੀ ਜੀਊਂਦਾ ਰਹੇ ਓਸ ਦੀ ਨਸ਼ਾਨੀ...

ਅੱਖਾਂ ਪੂੰਝਦੀ ਹੈ

ਗਰੀਬੂ ਸ਼ਾਹ — ਗਿਆਨੋ, ਤੂੰ ਸਿਆਣੀ ਸੋਧੀ ਹੋ ਕੇ ਅਜਿਹੀਆਂ ਗੱਲਾਂ ਕਰਦੀ ਏਂ ?

ਗਿਆਨੋ — ਤੇਰੇ ਹੱਥ ਵਿਚ ਕਲਮ ਐ ਭਾਈ, ਜੋ ਮਰਜ਼ੀ ਆਏ ਲਿਖ ਦੇ। ਅਸੀਂ ਤੈਥੋਂ ਨਾਬਰ ਨਹੀਂ।

ਗਰੀਬੂ ਸ਼ਾਹ — (ਲਿਖਦੇ ਹੋਏ) ਛੀ ਵੀਹਾਂ...ਦਰ ਅੱਠ ਆਨੇ...ਤੇ ਸਦਾ ਰੁਪਈਆ.. ਤੇ ਭਾਦੋਂ ਸੁਦੀ ਨੂੰ...

ਗਿਆਨੋ — ਕੀ ਬਿਆਜ ਚਾੜ੍ਹਿਆ ਏ ?

ਗਰੀਬੂ ਸ਼ਾਹ — ਲੈ, ਲਾ ਗੂਠਾ। ਇਹ ਲਓ ਛੀ ਵੀਹਾਂ। ਪੂਰੇ ਗਿਣ ਕੇ ਸਾਂਭ ਲਓ। ਇਹ ਪੰਜ ਵੀਹਾਂ, ਇਹ ਹੋ ਗਿਆ ਪੂਰਾ ਸੌ, ਇਹ ਦੱਸ ਤੇ ਇਹ ਪੰਜ — ਕਿੰਨੇ ਹੋ ਗਏ ?

ਨੱਥੀ — ਹਾਲੇ ਪੰਜ ਹੋਰ ਰਹਿੰਦੇ ਨੇ।

ਗਰੀਬੂ ਸ਼ਾਹ — ਉਹ ਵੀ ਦਿੰਨਾ ਆਂ — ਲੈ ਇਹ ਪੰਜ ਹੋਰ, ਪੂਰੇ ਹੋ ਗਏ ਨਾ ?

ਨੱਥੀ — ਹਾਂ ਪੂਰੇ।

ਗਰੀਬੂ ਸ਼ਾਹ — ਤੇ ਇਹ ਕੰਗਨੀ ਤੇ ਬਾਂਕਾਂ ਆ ਗਈਆਂ ਸੱਠਾਂ ਵਿਚ।

ਨੱਥੀ — ਬੱਸ ਚੜ੍ਹਦੇ ਬਸਾਖ ਤਾਰ ਦਿਆਂਗੇ।



ਗਰੀਬੂ ਸ਼ਾਹ — ਕੋਈ ਗੱਲ ਨਹੀਂ, ਸਨਸਾ ਨਾ ਲਾ — ਤਾਰ ਦੇਵੀਂ। ਕਿਤੇ ਮੈਂ ਨੱਸ ਚਲਿਆ ਹਾਂ, ਜਾਂ ਕਿਤੇ ਇਹ ਹੱਟੀ ਉੱਡ ਚੱਲੀ ਐ — ਹਾਂ, ਐਥੇ ਲਾ ਦੇ ਗੂਠਾ। ਸੋਚਦੀ ਕੀ ਐਂ, ਅਸੀਂ ਵੀ ਤਾਂ ਰੱਬ ਨੂੰ ਜਾਨ ਦੇਣੀ ਏ, ਅਗਲੇ ਜਰਮ ਸਾਰਾ ਲੇਖਾ ਚੁਕਾਉਣਾ ਐ — ਲਾ ਗੂਠਾ।

ਨੱਥੀ — ਬੇਬੀ ਤੂੰ ਲਾ ਦੇ।

ਗਿਆਨੋ — ਤੂੰ ਲਾ ਦੇ।

ਨੱਥੀ — ਨਹੀਂ ਬੇਬੀ ਤੂੰ।

ਗਿਆਨੋ — ਨੀ ਫਿੱਟੇ ਮੂੰਹ ! ਤੂੰ ਲਾ ਦੇ ਖਾਂ।

ਗਰੀਬੂ ਸ਼ਾਹ — ਇਊਂ ਕਰੋ, ਦੋਵੇਂ ਲਾ ਦਿਉ।

ਗਿਆਨੋ — ਇਹ ਗੱਲ ਠੀਕ ਐ।

ਉਹ ਦੋਵੇਂ ਗੂਠਾ ਲਾ ਦੇਂਦੀਆਂ ਹਨ।

ਗਿਆਨੋ — ਚੰਗਾ ਭਾਈ, ਜਿਊਂਦਾ ਰਵੇਂ। ਸਾਂਭ ਕੇ ਪੱਲੇ ਦੇ ਲੜ ਬੰਨ੍ਹ ਲੈ ਕੁੜੀਏ।

ਨੱਥੀ — ਬੰਨ੍ਹ ਲਏ, ਬੇਬੀ।

ਗਰੀਬੂ ਸ਼ਾਹ — ਅਸੀਂ ਤਾ ਬਸ ਗੱਲੇ ਦੀ ਰਾਖੀ ਬੈਠੇ ਆਂ ! ਜੇ ਥੋੜ੍ਹੇ ਬਹੁਤ ਕਿਸੇ ਵੇਲੇ ਹੋਰ ਲੋੜ ਪੈਣ, ਭਾਵੇਂ ਲੈ ਜਾਵੀਂ।

ਉਹ ਦੋਵੇਂ ਜਾਂਦੀਆਂ ਹਨ। ਗਰੀਬੂ ਸ਼ਾਹ ਉਨ੍ਹਾਂ ਦੇ ਚਲੇ ਜਾਣ ਮਗਰੋਂ ਗੱਲੇ ਵਿਚੋਂ ਗਹਿਣੇ ਕੱਢ ਕੇ ਵੇਖਦਾ ਹੈ, ਮੁੜ ਪੇਟੀ ਵਿਚ ਰੱਖ ਦੇਂਦਾ ਹੈ, ਤੇ ਫੇਰ ਹਿਸਾਬ ਵਿਚ ਜੁੱਟ ਜਾਂਦਾ ਹੈ। ਕੇਸਰੋ ਆਟੇ ਦੀ ਪਰਾਤ ਚੁੱਕੀ ਕੋਠੇ ਵਿਚੋਂ ਨਿਕਲਦੀ ਹੈ ਤੇ ਖੱਬੇ ਪਾਸੇ ਚਲੀ ਜਾਂਦੀ ਹੈ !

ਤ੍ਰਕਾਲ ਢੱਲ ਜਾਂਦੀ ਹੈ। ਦੂਰੋਂ ਸੰਖ ਦੀ ਆਵਾਜ਼ ਸੁਣਾਈ ਦੇਂਦੀ ਹੈ। ਛਾਂ ਢਲ ਕੇ ਗਰੀਬੂ ਸ਼ਾਹ ਦੀ ਹੱਟੀ ਨੂੰ ਕੱਜ ਲੈਂਦੀ ਹੈ। ਸਟੇਜ ਦੇ ਪਛਾੜੀ ਕੰਧ ਉੱਤੇ ਸੂਰਜ ਦੀਆਂ ਕਿਰਨਾਂ ਹੌਲੀ ਹੌਲੀ ਮੱਧਮ ਹੁੰਦੀਆ ਦਿਖਾਈ ਦੇਂਦੀਆਂ ਹਨ।

ਗਰੀਬੂ ਸ਼ਾਹ ਵਹੀ ਖਾਤਾ ਸਾਂਭ ਕੇ ਹੱਟੀ ਨੂੰ ਬੰਦ ਕਰਦਾ ਹੈ ਤੇ ਹੱਟੀ ਅੰਦਰਲੇ ਬੂਹੇ ਵਿਚੋਂ ਘਰ ਅੰਦਰ ਚਲਾ ਜਾਂਦਾ ਹੈ।

ਖੱਬੇ ਪਾਸਿਉਂ ਕੇਸਰੋ ਤੰਦੂਰ ਤੇ ਰੋਟੀਆਂ ਲਾ ਕੇ ਮੁੜਦੀ ਹੈ । ਰੋਟੀਆਂ ਦੀ ਪੱਛੀ, ਪਰਾਤ ਤੇ ਘਿਉ ਦਾ ਕੁੱਜਾ ਰੱਖ ਕੇ ਉਹ ਕੋਠੇ ਅੰਦਰੋਂ ਮੰਜੀ ਕੱਢਦੀ ਹੈ, ਵਿਹੜੇ ਵਿਚ ਡਾਹੁੰਦੀ ਹੈ ਤੇ ਦੀਵਾ ਬਾਲਦੀ ਹੈ । ਚੌਂਤਰੇ ਉਤੇ ਬੋਰੀ ਵਿਛਾ ਕੇ ਉਹ ਬੈਠ ਜਾਂਦੀ ਹੈ, ਘਿਉ ਨਾਲ ਰੋਟੀਆਂ ਚੋਪੜਦੀ ਹੈ ਤੇ ਕੋਲ ਪਈ ਸਾਗ ਦੀ ਤੌੜੀ ਵਿਚ ਡੋਈ ਫੇਰਦੀ ਹੈ । ਲੱਖਾ ਆਉਂਦਾ ਹੈ । ਉਸ ਦੇ ਮੋਢੇ ਉਤੇ ਛੱਲੀਆਂ ਦੀ ਪੰਡ ਹੈ ।

ਕੇਸਰੋ — ਇਹ ਛੱਲੀਆਂ ਕਿੱਥੋਂ ਲਿਆਂਦੀਆਂ ?

ਲੱਖਾ — ਆਉਂਦੇ ਆਉਂਦੇ ਰੁਲੀਏ ਦੇ ਖੇਤ 'ਚੋਂ ਲੈ ਆਇਆ । ਬੜੀਆਂ ਅੱਲੀਆਂ ਅੱਲੀਆਂ ਨੇ, ਰਤਾ ਸੁਆਰ ਕੇ ਭੁੰਨੀਂ ।

ਕੇਸਰੋ ਡੋਈ ਫੇਰਨੀ ਬੰਦ ਕਰਕੇ ਛੱਲੀਆਂ ਦੀ ਪੰਡ ਸਾਂਭ ਲੈਂਦੀ ਹੈ ।

ਕੇਸਰੋ — ਖੇਤ ਨੂੰ ਪਾਣੀ ਲੱਗ ਗਿਆ ?

ਲੱਖਾ — (ਬੈਠਦੇ ਹੋਏ) ਪਾਣੀ ਤਾਂ ਲੱਗ ਗਿਆ ਪਰ ਮੋਘਾ ਚਾਰ ਘੰਟੇ ਈ ਖੁੱਲ੍ਹਾ ਰਿਹਾ । ਮੋਘੇ ਦਾ ਮੂੰਹ ਅਸਲੋਂ ਛੋਟਾ, ਤੇ ਪਿੱਛੋਂ ਨਹਿਰ 'ਚ ਵੀ ਪਾਣੀ ਘੱਟ ਈ ਸੀ ।

ਕੇਸਰੋ — ਜੇ ਆਪਣੇ ਖੇਤ ਨੂੰ ਪਾਣੀ ਥੋੜ੍ਹਾ ਲੱਗਿਆ ਤਾਂ ਤੂੰ ਜ਼ਿਲੇਦਾਰ ਨੂੰ ਆਖਣਾ ਸੀ ।

ਲੱਖਾ — ਚੱਪਾ ਜਿੰਨਾ ਖੇਤ ਐ, ਨਾ ਪਟਵਾਰੀ ਗੌਲਦਾ ਏ ਤੇ ਨਾ ਜ਼ਿਲੇਦਾਰ । ਜੋ ਰਤਾ ਪੈਸੇ ਚੜ੍ਹਾ ਦਵੇ ਉਸੇ ਦਾ ਮੋਘਾ ਵੱਡਾ ਹੋ ਜਾਂਦਾ ਹੈ, ਫਿਰ ਭਾਵੇਂ ਸਾਰੀ ਰਾਤ ਖੁੱਲ੍ਹਾ ਰਹੇ, ਵਾਰੀ ਹੋਵੇ ਭਾਵੇਂ ਨਾ । ਪਰ ਆਪਣੇ ਕੋਲ ਕਿਹੜਾ ਮਰੱਬੇ ਨੇ ਜੋ ਉਨ੍ਹਾਂ ਨੂੰ ਕੁਝ ਦੇ ਦੇਈਏ । ਆਪਣੇ ਪੰਜ ਦੱਸ ਰੁਪਈਆਂ ਨਾਲ ਤਾਂ ਊਠ ਦੇ ਮੂੰਹ ਵਿਚ ਜੀਰੇ ਵਾਲੀ ਗੱਲ ਹੋਣੀ ਐ, ਉਹਨਾਂ ਨੂੰ ਪਤਾ ਵੀ ਨਹੀਂ ਲੱਗਣਾ ।

ਕੇਸਰੋ — ਤੇਰਾ ਮੂੰਹ ਮੱਥਾ ਧੂੜ ਨਾਲ ਭਰਿਆ ਪਿਆ ਐ, ਹੱਥ ਮੂੰਹ ਧੋ ਲੈ, ਮੈਂ ਰੋਟੀਆਂ ਲਾ ਲੀਤੀਆਂ ਨੇ ।

ਲੱਖਾ ਸਾਫ਼ਾ ਲਾਹ ਕੇ ਇਕ ਪਾਸੇ ਰੱਖਦਾ ਹੈ, ਜੁੱਤੀ ਝਾੜਦਾ ਹੈ ਤੇ ਮੰਜੀ ਉਤੇ ਬੈਠ ਜਾਂਦਾ ਹੈ ।



ਲੱਖਾ — ਇਹ ਦੀਵੇ ਦੀ ਲਾਟ ਬੜੀ ਮਧਮ ਐ, ਕਾਹਦਾ ਤੇਲ ਪਾਇਆ ਹੈ ?

ਕੇਸਰੋ — ਤੇਲ ਤਾਂ ਸਰ੍ਹੋਂ ਦਾ ਈ ਐ, ਪਰ ਪਤਾ ਨਹੀਂ ਬੱਤੀ ਉੱਤੇ ਕਿਉਂ ਨਹੀਂ ਚੜ੍ਹਦਾ — ਰਤਾ ਸੀਖ ਦੇਨੀ ਆਂ ।

ਕੇਸਰੋ ਬੱਤੀ ਸੀਖ ਕੇ ਫਿਰ ਰੋਟੀਆਂ ਥੱਪਣ ਬੈਠ ਜਾਂਦੀ ਹੈ ।

ਹੁਣ ਪਾ ਲੈ, ਹਾਲੇ ਤੱਤੀਆਂ ਨੇ । ਹੁਣੇ ਲਾ ਕੇ ਆਈ ਆਂ, ਮਸਾਂ ਬਾਰੀ ਆਈ ਤੰਦੂਰ ਤੇ—ਛੀ ਜਣੀਆਂ ਲੱਗੀਆਂ ਹੋਈਆਂ ਸਨ, ਇਕ ਦੂਜੀ ਦੇ ਅੱਗੇ ਅੱਗੇ ਪੈਂਦੀਆਂ ਸਨ ।

ਲੱਖਾ ਹੱਥ ਮੂੰਹ ਧੋ ਕੇ ਮੰਜੀ ਉੱਤੇ ਰੋਟੀ ਖਾਣ ਬੈਠ ਜਾਂਦਾ ਹੈ । ਕੇਸਰੋ ਰੋਟੀ ਪਾ ਕੇ ਦੇਂਦੀ ਹੈ ਤੇ ਗੰਢਾ ਕੁੱਟਦੀ ਹੈ ।

ਲੱਖਾ — ਪਿਛਲੀ ਵਾਰ ਸੁਣਿਆ ਏ, ਪਾਣੀ ਘੱਟ ਵਰ੍ਹਨ ਕਰਕੇ ਅੰਨ ਦਾ ਬੜਾ ਤੋੜ ਰਿਹਾ । ਏਸ ਵਾਰ ਵੀ ਮੀਂਹ ਘੱਟ ਪਏ ਹਨ ਤੇ ਨਹਿਰ ਦਾ ਪਾਣੀ ਵੀ ਕਾਸਵਾਂ ਈ ਮਿਲਿਆ ਐ । ਦੇਖੀਏ, ਫ਼ਸਲ ਕਿਹੋ ਜੀ ਨਿਕਲਦੀ ਐ ।

ਕੇਸਰੋ — ਤੂੰ ਬਹੁਤੀ ਫ਼ਿਕਰ ਨਾ ਲਾ । ਮੈਂ ਮਸ਼ੀਨ ਦੀ ਸਿਲਾਈ ਕਟਾਈ ਸਿਖ ਲਈ ਐ । ਭੈਣ ਜੀ ਨੇ ਮੈਨੂੰ ਸਾਰਾ ਕੁਝ ਸਿਖਾ ਦਿਤੈ — ਝੱਗਾ ਕੱਟਣਾ, ਪਜਾਮੇ, ਸੁੱਥਣਾਂ ਤੇ ਫਤੂਹੀਆਂ ਸੀਣੀਆਂ ਵੀ ਆਉਂਦੀਆਂ ਹਨ । ਮੈਂ ਘਰ ਮਸ਼ੀਨ ਚਲਾ ਲਿਆ ਕਰੂੰਗੀ, ਤੂੰ ਫ਼ਿਕਰ ਕਾਹਦਾ ਕਰਦਾ ਏਂ ?

ਲੱਖਾ — ਮੇਰੇ ਹੁੰਦਿਆਂ ਤੇਰੇ ਕਮਾਉਣ ਦੀ ਕੀ ਲੋੜ ਐ ?

ਕੇਸਰੋ — ਘਰ ਵੀ ਤੋਰਨਾ ਕਿ ਨਹੀਂ । ਦੋਵੇਂ ਕੰਮ ਕਰਾਂਗੇ ਤਾਂ ਮਸਾਂ ਪੂਰਾ ਪਊ ।

ਲੱਖਾ — ਮੈਨੂੰ ਤਾਂ ਤੀਵੀਂ ਦੀ ਕਮਾਈ 'ਚ ਬਰਕਤ ਨਹੀਂ ਲੱਗਦੀ । ਤੂੰ ਕੰਮ ਕਰੇਂਗੀ, ਲੋਕੀ ਕੀ ਆਖਣਗੇ—'ਵਰਿਆਮੇ ਦੀ ਨੂੰਹ ਮਸ਼ੀਨ ਧਰ ਕੇ ਬੈਠ ਗਈ ।' ਆਪਣੇ ਬਾਪੂ ਦਾ ਕੇਡਾ ਨਾਂ ਸੀ ਪਿੰਡ ਵਿਚ । ਸਰਕਾਰੇ ਦਰਬਾਰੇ ਕੁਰਸੀ ਮਿਲਦੀ ਹੁੰਦੀ ਸੀ । ਇਕ ਵਾਰੀ ਪਿੰਡ 'ਚ ਵੱਡਾ ਵਜ਼ੀਰ ਆਇਆ—ਛੜਕਾਉ ਹੋਇਆ, ਦਰੀਆਂ ਵਿਛੀਆਂ, ਸਾਰੇ ਲੋਕ ਭੁੰਜੇ ਬੈਠੇ, ਪਰ ਉਸ ਨੂੰ ਤਸੀਲਦਾਰ ਦੇ ਨਾਲ ਕੁਰਸੀ ਮਿਲੀ ਬਸ ਉਸ ਨੂੰ ਦਾਰੂ ਦਾ ਝੱਲ ਸੀ, ਏਸੇ ਵਿਚ ਸਾਰੀ ਜ਼ਮੀਨ ਗੁਆ ਦਿਤੀ । ਜੇ ਬਾਪੂ ਏਸ ਤਰ੍ਹਾਂ ਸਾਰੀ ਭੋਂ ਨੂੰ ਖੋਰ ਖੋਰ ਕੇ ਨਿੱਕੇ ਜਿਹੇ ਚੌਂਤਰੇ ਜਿੰਨੀ ਨਾ ਬਣਾ ਜਾਂਦਾ ਤਾਂ ਅੱਜ ਨੂੰ ਸਾਡੇ ਸੱਠ ਤਾਂ ਲਵੇਰੇ ਹੁੰਦੇ ਤੇ ਘਰ ਦੇ ਬਾਹਰ

ਊਠ ਤੇ ਘੋੜੇ ਬੰਨ੍ਹੇ ਹੁੰਦੇ ਤੇ...

ਕੇਸਰੋ — ਤੇ ਹਾਥੀ ਝੂਲਦੇ ਹੁੰਦੇ—ਹੈ ਨਾ ? ਇਹ ਇਕ 'ਜੇ' ਈ ਤਾਂ ਸਾਰਾ ਕੰਮ ਗਾਲਦੀ ਹੈ। ਜੇ 'ਜੇ' ਨਾ ਹੁੰਦੀ ਤਾਂ ਹੁਣ ਨੂੰ ਅਸੀਂ ਲੱਖਾਂ ਦੇ ਮਾਲਕ ਹੁੰਦੇ। ਤੂੰ ਖੌਰੇ ਕਿਤੇ ਵਜੀਰ ਲੱਗਿਆ ਹੰਦਾ ਤੇ ਸਾਰੇ ਲੋਕੀ ਮੈਨੂੰ ਮੱਥਾ ਟੇਕਣ ਆਉਂਦੇ। ਪਰ ਮੇਰਾ ਆਖਾ ਮੰਨੇਂ ਤਾਂ ਪਿਉ ਦਾਦੇ ਦੀ ਏਸ ਕਥਾ ਨੂੰ ਛੱਡ ਕੇ ਅੱਜ ਦੀ ਘੜੀ ਦੀ ਸੋਚੀਏ। ਜੇ ਮੈਂ ਮਸ਼ੀਨ ਧਰ ਲਈ ਤਾਂ ਲੋਕਾਂ ਕੀ ਆਖਣਾ ਏਂ ? ਐਵੇਂ ਵਿਹਲੜ ਗੱਲਾਂ ਕਰਨਗੇ, ਉਹਨਾਂ ਦੀਆਂ ਗੱਲਾਂ ਨੂੰ ਅਸੀਂ ਕੀ ਜਾਣਦੇ ਹਾਂ। ਉਹ ਤਾਂ ਇਹੋ ਆਖਣਗੇ ਪਈ ਤੀਵੀਂ ਭੁੱਖੀ ਭਾਵੇਂ ਮਰ ਜਾਏ, ਪਰ ਕਮਾ ਕੇ ਨਾ ਖਾਵੇ। ਬਸ ਗੋਹਾ ਕੂੜਾ ਹੂੰਝ ਕੇ ਪਾਥੀਆਂ ਪੱਥ ਛੱਡੇ ਜਾਂ ਕੰਧਾਂ ਨੂੰ ਲਿਪ ਪੋਚ ਲਏ, ਇਸ ਤੋਂ ਵੱਧ ਹੋਰ ਕੁਝ ਨਾ ਕਰੇ। ਨਾ ਕਮਾਵੇ, ਨਾ ਪੜ੍ਹੇ। ਆਪਣੇ ਪੈਰਾਂ ਉੱਤੇ ਨਾ ਖੜੀ ਹੋਏ, ਬਸ ਸਾਰੀ ਉਮਰ ਮਰਦ ਦੇ ਗਲ ਦੁਆਲੇ ਅਮਰ ਵੇਲ ਵਾਂਗ ਲਮਕਦੀ ਰਹੇ।

ਲੱਖਾ—ਪਰ—

ਕੇਸਰੋ — ਪਰ ਕੀ ?

ਲੱਖਾ — ਪਰ ਪਿੰਡ ਵਿਚ ਜਿਸ ਤੋਂ ਪੁੱਛੋ, ਇਸ ਨੂੰ ਚੰਗਾ ਨਹੀਂ ਸਮਝਦਾ। ਨਾਲੇ ਕਿਰਪੋ ਤਖਾਣੀ ਆਖਦੀ ਸੀ ਪਈ ਇਸ ਤਰ੍ਹਾਂ ਤੀਵੀਂ ਨੂੰ ਘਰ ਬਿਠਾ ਕੇ ਕਮਾਉਣ ਨਾਲੋਂ ਤਾਂ ਆਦਮੀ ਚੱਪਣੀ ਵਿਚ ਨੱਕ ਡਬੋ ਕੇ ਮਰ ਜਾਏ।

ਕੇਸਰੋ — ਤੈਨੂੰ ਕਿੱਥੇ ਮਿਲ ਗਈ ਸੀ ਕਿਰਪੋ ?

ਲੱਖਾ — ਆਪਣੇ ਘਰ ਦੇ ਬਾਹਰ ਖੜੀ ਸੀ, ਉਸ ਦਾ ਮਾਲਕ ਗੱਡੇ ਦੇ ਪਹੀਆਂ ਵਿਚ ਗਜ ਠੋਕ ਰਿਹਾ ਸੀ।

ਕੇਸਰੋ — ਇਹਨਾਂ ਤਖਾਣਾਂ ਤੋਂ ਗੁੱਲੀਆਂ ਘੜ ਨਹੀਂ ਹੁੰਦੀਆਂ, ਹੁਣ ਇਨ੍ਹਾਂ ਗੱਲਾਂ ਈ ਘੜਨੀਆਂ ਹਨ।

ਲੱਖਾ — ਤੂੰ ਕੰਮ ਕਰੇਂਗੀ ਤਾਂ ਸਾਰੇ ਲੋਕ ਆਉਣਗੇ — ਹਰੇਕ ਚੂਹੜਾ ਚੱਪੜਾ ਝੱਗਾ ਸੁਆਉਣ ਤੁਰਿਆ ਆਊਗਾ।

ਕੇਸਰੋ — ਫੇਰ ਕੀ ਹਰਜ ਐ, ਸਗੋਂ ਚੰਗਾ ਏ।



ਲੱਖਾ — (ਕੁਝ ਸੋਚ ਕੇ) ਜੱਟਾਂ ਤੋਂ ਛੀਂਬੇ ਬਣ ਜਾਵਾਂਗੇ।

ਕੇਸਰੋ — ਤੂੰ ਐਵੇਂ ਲੋਕਾਂ ਦੇ ਆਖੇ ਸਿਖੇ ਗੱਲਾਂ ਕਰਨ ਬੈਠ ਜਾਨਾਂ ਏਂ। ਚੰਗੀ ਤਰ੍ਹਾਂ ਰੋਟੀ ਖਾ — ਇਹ ਸੋਚਾਂ ਫੇਰ ਮਿਥ ਲਈਂ। ਪਿੰਡ ਵਸਿਆ ਨਹੀਂ, ਮੰਗਤੇ ਪਹਿਲਾਂ ਈ —

ਲੱਖਾ ਹੌਲੀ ਹੌਲੀ ਰੋਟੀ ਖਾਂਦਾ ਹੈ।

(ਹਨ੍ਹੇਰਾ)

## ਝਾਕੀ ਦੂਜੀ

ਰੱਖੋ ਤੇ ਨੱਥੀ ਗੱਲਾਂ ਕਰਦੀਆਂ ਆਉਂਦੀਆਂ ਹਨ ।

ਰੱਖੋ — ਅਸੀਂ ਐਵੇਂ ਪੜ੍ਹਨਾ ਛੱਡਿਆ । ਕੇਸਰੋ ਨੂੰ ਦੇਖ ਲੈ, ਸਾਡੇ ਦੇਖਦੇ ਦੇਖਦੇ ਪੜ੍ਹ ਗਈ । ਅਸੀਂ ਮਖ਼ੌਲਾਂ ਕਰਦੀਆਂ ਸਾਂ ਤੇ ਆਖਦੀਆਂ ਸਾਂ, ਭਲਾ ਜੱਟੀਆਂ ਤੋਂ ਵੀ ਕਦੇ ਪੜ੍ਹਿਆ ਗਿਆ ਏ । ਜੱਟੀਆਂ ਦਾ ਡਮਾਕ ਤਾਂ ਹੁੰਦਾ ਐ ਮੱਝਾਂ ਵਰਗਾ, ਨਿਰਾ ਖਲ ਤੇ ਵੜੇਵਿਆਂ ਨਾਲ ਭਰਿਆ ਹੋਇਆ, ਪਰ ਕੇਸਰੋ ਨੇ ਲੱਗਣ ਦਿਤੇ ਪੱਬ ?

ਨੱਥੀ — ਤੂੰ ਠੀਕ ਈ ਆਖਦੀ ਏਂ, ਜੇ ਪੜ੍ਹ ਲਿਖ ਜਾਂਦੀਆਂ ਤਾਂ ਕਾਸੇ ਜੋਗੀਆਂ ਹੋ ਜਾਂਦੀਆਂ । ਸਾਲ ਦਾ ਹੁੰਦਾ ਈ ਕੀ ਐ, ਫੇਰੇ ਵਿਚ ਲੰਘ ਜਾਂਦਾ ਐ, ਪਤਾ ਵੀ ਨਹੀਂ ਲੱਗਦਾ — ਸਿਆਲ ਗਿਆ, ਕਣਕਾਂ ਪੱਕੀਆਂ, ਤੇ ਉਸ ਪਿੱਛੋਂ ਸੌਣ ਵਰ੍ਹਨ ਲੱਗ ਪਿਆ । ਤੀਆਂ ਝੂਟਦੀਆਂ ਨੂੰ ਮੁੜ ਕੱਤਾ ਆ ਜਾਂਦਾ ਐ । ਅਸੀਂ ਮਾਰੀ ਅੱਡੀ ਏਧਰ, ਮਾਰੀ ਅੱਡੀ ਉਧਰ । ਐਵੇਂ ਕੌਲੇ ਕੱਛ ਕੱਛ ਕੇ ਸਾਲ ਟਪਾ ਦਿਤਾ । ਪੜ੍ਹ ਤਾਂ ਬਥੇਰਾ ਜਾਂਦੀਆਂ ਪਰ ਅਤਰੀ ਨੇ ਰੌਲਾ ਪਾ ਕੇ ਸਭ ਨੂੰ ਹਟਾ ਦਿਤਾ ।

ਰੱਖੋ — ਅਤਰੀ ਦਾ ਕੀ ਐ, ਉਹ ਤਾਂ ਇਹੋ ਆਖਦੀ ਐ ਪਈ ਕੋਈ ਪੜ੍ਹੇ ਨਾ । ਪਤਾ ਨਹੀਂ ਉਹ ਪੜ੍ਹਾਈ ਦੀ ਕਿਉਂ ਐਡੀ ਬੈਰਨ ਐ ।

ਨੱਥੀ — ਉਸ ਦਾ ਮਾਲਕ ਬਿਆਜ ਜੁ ਲੈਂਦਾ ਐ ਦੱਬ ਕੇ । ਮੈਂ ਇਹਨਾਂ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਿਚ ਆ ਕੇ ਨਾਲੇ ਲਵੇਰੀ ਬੇਚ ਬੈਠੀ, ਨਾਲੇ ਹੱਥੋਂ ਕੰਨੋਂ ਲੁਹਾ ਬੈਠੀ । ਏਸ ਉਤੇ ਵੀ ਉਸ ਦਾ ਅਸਲ ਉਵੇਂ ਦਾ ਉਵੇਂ ਸਿਰ ਉਤੇ ਖੜਾ ਏ ।

ਅਤਰੀ ਘਰ ਅੰਦਰੋਂ ਹੱਟੀ ਵਾਲੇ ਬੂਹੇ ਵਿਚੋਂ ਝਾਕਦੀ ਹੈ ।

ਅਤਰੀ — ਨੀ ਘਰ ਨੂੰ ਚੱਲੀਆਂ ਸਾਓ ?

ਨੱਥੀ — ਕੇਸਰੋ ਕੋਲ ਆਈਆਂ ਸਾਂ ।



ਅਤਰੀ — ਕਿਉਂ, ਉਥੇ ਕੀ ਮੂੰਗੀ ਵੰਡੀਦੀ ਏ ?

ਨੱਥੀ — ਉਸ ਨੂੰ ਇਕ ਝੱਗਾ ਸੀਣ ਲਈ ਦਿਤਾ ਸੀ ।

ਰੱਖੋ — ਸਾਡੇ ਨਾਲੋਂ ਤਾਂ ਕੇਸਰੋ ਚੰਗੀ ਰਹੀ ਤਾਈ, ਸਾਲ ਵਿਚ ਈ ਆਪਣੇ ਜੋਗੀ ਹੋ ਗਈ ।

ਅਤਰੀ — ਨੀ ਆਪਣੇ ਜੋਗੀ ਈ ਹੋਈ ਐ, ਦੂਜੇ ਕਿਸੇ ਹੋਰ ਜੋਗੀ ਤਾਂ ਨਹੀਂ ਹੋਈ । ਏਸੇ ਕਰਕੇ ਹੁਣ ਮਾਲਕ ਤੀਵੀਂ ਵਿਚ ਨਹੀਂ ਬਣਦੀ ।

ਰੱਖੋ — ਇਹ ਤੂੰ ਕੀ ਆਖਨੀ ਐਂ ਤਾਈ ?

ਅਤਰੀ — ਅੱਖੀਂ ਦੇਖੀ ਆਖਦੀ ਆਂ, ਦੋਹਾਂ ਵਿਚ ਇੱਟ ਕੁੱਤੇ ਦਾ ਵੈਰ ਐ ।

ਰੱਖੋ — ਝੂਠ !

ਅਤਰੀ — ਲੈ ਝੂਠ ਮਾਰ ਕੇ ਕੀ ਮੈਂ ਥੋਡੇ ਕੋਲੋਂ ਲੱਡੂ ਲੈਣੇ ਨੇ ? ਨੀ, ਹੁਣ ਤਾਂ ਦੋਹਾਂ ਵਿਚ ਉਹ ਜੁੱਤੀ ਖੜਕਦੀ ਐ ਕਿ ਰਹੇ ਰੱਬ ਦਾ ਨਾਂ । ਪਰਸੋਂ— ਭੈੜੀਓ ਕਿਸੇ ਕੋਲ ਗੱਲ ਨਾ ਕਰੀਓ, ਐਵੇਂ ਸੌ ਗੱਲ ਦਾ ਗਲਾਨ ਬਣ ਜਾਂਦਾ ਏ — ਪਰਸੋਂ, ਮੈਂ ਏਧਰੋਂ ਮੁਨਸ਼ੀਆਂ ਦੇ ਘਰੋਂ ਆਥਣੇ ਜਦੋਂ ਮੁੜੀ ਤਾਂ ਦੇਖਿਆ — ਦੇਈ ਦੀ ਸੌਂਹ — ਮੈਂ ਤਾਂ ਆਹ (ਅੱਖਾਂ ਉਤੇ ਹੱਥ ਧਰ ਕੇ) ਆਹ ਦੀਦੇ ਰਹਿ ਜਾਣ ਜੇ ਝੂਠ ਮਾਰਾਂ—ਕੀ ਦੇਖਿਆ ਪਈ ਦੋਵੇਂ ਉੱਚੀ ਉੱਚੀ ਲੜੀ ਜਾਂਦੇ ਨੇ । ਉਹ ਆਖੇ 'ਮੈਂ ਇਹ ਮਸ਼ੀਨ ਭੰਨ ਦਵਾਂਗਾ — ਜਦ ਦੀ ਤੂੰ ਮਸ਼ੀਨ ਧਰੀ ਐ, ਮੇਰਾ ਖਾਣਾ ਪੀਣਾ ਹਰਾਮ ਹੋ ਗਿਆ' — ਤੇ ਕੇਸਰੋ ਉਤੋਂ ਮੁੜ ਮੁੜ ਝਈਆਂ ਲਵੇ ਤੇ ਆਖੇ — 'ਤੂੰ ਹੁੰਦਾ ਕੌਣ ਏਂ ਮਸ਼ੀਨ ਨੂੰ ਹੱਥ ਲਾਉਣ ਵਾਲਾ । ਮਸ਼ੀਨ ਵੱਲ ਉਂਗਲ ਕੀਤੀ ਤਾਂ ਉਂਗਲ ਨਾ ਤੋੜ ਦਵਾਂ' — ਅੜੀਓ ਸਾਰਾ ਵਿਹੜਾ ਸੁਣਦਾ ਸੀ । ਅਸੀਂ ਤਾਂ ਦੰਦਾਂ ਵਿਚ ਉਂਗਲ ਲੈ ਲਈ । ਕੇਸਰੋ ਦਾ ਇਹ ਮਜਾਜ ! ਮੈਂ ਆਖਦੀ ਸੀ ਨਾ — ਪੜ੍ਹੀ ਲਿਖੀ ਕਦੇ ਕਿਸੇ ਦੇ ਘਰ ਨਹੀਂ ਵਸਦੀ । ਦੇਖ ਲਓ, ਹੋਰ ਲੈ ਲਓ ਸੁਆਦ । ਸੁਣਿਆ ਕਰਦੇ ਸੀ ਪਈ ਤੀਵੀਆਂ ਮਰਦਾਂ ਅੱਗੇ ਬੋਲਦੀਆਂ ਨੇ, ਪਰ ਦੇਖਿਆ ਨਹੀਂ ਸੀ, ਹੁਣ ਦੇਖ ਵੀ ਲਿਆ — ਇਸ ਘਰ ਨੇ ਨਹੀਂ ਚੱਲਣਾ । ਤੇ ਮੈਂ ਤੁਹਾਨੂੰ ਇਕ ਗੱਲ ਹੋਰ ਦੱਸਾਂ — ਕੁੜੇ ਕਿਸੇ ਕੋਲ ਗੱਲ ਨਾ ਲੈ ਉਠੀਓ ।

ਨੱਥੀ — ਲੈ ਅਸੀਂ ਕੀ ਲੋਕਾਂ ਕੋਲ ਗੱਲਾਂ ਕਰਦੀਆਂ ਫਿਰਦੀਆਂ ਹਾਂ ?

ਅਤਰੀ — ਇਹ ਸਾਰਾ ਝਗੜਾ ਹੁੰਦਾ ਏ ਰੂੜੇ ਕਰਕੇ ।

ਰੱਖੋ — ਰੂੜੇ ਕਰਕੇ ?

ਅਤਰੀ — ਹਾਂ, ਰੂੜੇ ਕਰਕੇ ।

ਨੱਥੀ — ਪਰ ਰੂੜੇ ਦਾ ਤਾਂ ਉਹਨਾਂ ਦੇ ਘਰ ਚਿਰ ਤੋਂ ਆਉਣ ਜਾਣ ਏ ।

ਅਤਰੀ — ਇਸੇ ਦਾ ਤਾਂ ਸਾਰਾ ਪੁਆੜਾ ਏ । ਲੱਖਾ ਖੇਤ ਨੂੰ ਗਿਆ, ਰੂੜਾ ਠੂਹ ਉਸ ਦੇ ਘਰ — ਕਦੇ ਝੱਗੇ ਦੇ ਬਟਨ ਲਾ ਦੇ, ਕਦੇ ਫਤੂਹੀ ਸਿਉਂ ਦੇ, ਕਦੇ ਕੁਸ਼, ਕਦੇ ਕੁਸ਼ — ਪਰ ਮੈਨੂੰ ਤਾਂ ਸਾਰਾ ਦੋਸ ਕੇਸਰੋ ਦਾ ਲੱਗਦਾ ਏ — ਅੱਖ ਦੀ ਮੈਲੀ ਐ ।

ਰੱਖੋ — ਤਾਈ, ਇਹ ਗੱਲ ਤਾਂ ਠੀਕ ਨਹੀਂ ।

ਨੱਥੀ — ਮੈਂ ਤਾਂ ਆਪ ਆਖ਼ਣੀ ਆਂ, ਇਹ ਗੱਲ ਝੂਠ ਏ ।

ਅਤਰੀ — ਕੇਸਰੋ ਨੂੰ ਤਾਂ ਇਸ ਗੱਲ ਦਾ ਗੁਮਾਨ ਏ ਪਈ ਮੈਂ ਕਮਾਉਨੀ ਆਂ — ਚੁੱਲ੍ਹੇ 'ਚ ਪਾਓ ਅਜਿਹੀ ਕਮਾਈ ਤੇ ਪੜ੍ਹਾਈ ।

ਨੱਥੀ — ਮੈਂ ਉਸ ਨੂੰ ਝੱਗਾ ਦਿਤਾ ਸੀ ਸੀਣ ਲਈ, ਲੈ ਆਵਾਂ ।

ਅਤਰੀ — ਮੈਂ ਤਾਂ ਆਖਦੀ ਆਂ ਸ਼ੈਂਤ ਗੱਚ ਵਿਚ ਆ ਕੇ ਉਸ ਦੇ ਮਾਲਕ ਨੇ ਲੀਰਾਂ ਲੀਰਾਂ ਨਾ ਕਰ ਦਿਤਾ ਹੋਵੇ । ਆਦਮੀ ਜੇ ਹਰਖ ਜਾਏ ਤਾਂ ਊਠ ਨਾਲੋਂ ਵੀ ਭੈੜਾ ਹੁੰਦਾ ਏ ।

ਅਤਰੀ ਜਾਂਦੀ ਹੈ

ਰੱਖੋ — ਤਰਕਾਲਾਂ ਢੱਲ ਪਈਆਂ, ਹੁਣ ਕੇਸਰੋ ਕੋਲ ਕੀ ਜਾਣਾ ਏ, ਖਰੇ ਦੋਹਾਂ ਆਦਮੀ ਤੀਵੀਂ ਵਿਚ ਸੋਟਾ ਈ ਖੜਕਦਾ ਹੋਵੇ ।

ਨੱਥੀ — ਮੈਨੂੰ ਤਾਂ ਇਹ ਸਾਰੀਆਂ ਗੱਲਾਂ ਝੂਠ ਲਗਦੀਆਂ ਨੇ ।

ਰੱਖੋ — ਕੀ ਪਤਾ ਸੱਚ ਈ ਹੋਣ । ਸੁਣਿਆ ਤਾਂ ਮੈਂ ਵੀ ਸੀ ਪਈ ਦੋਹਾਂ ਦੀ ਬਣਦੀ ਨਹੀਂ ।

ਨੱਥੀ — ਬਣ ਤਾਂ ਬਥੇਰਾ ਜਾਵੇ, ਜੇ ਅਤਰੀ ਵਰਗੀਆਂ ਲਾਉਣ ਬੁਝਾਉਣ ਵਾਲੀਆਂ ਨਾ ਹੋਣ । ਆਦਮੀ ਦੀ ਜਾਤ ਹੁੰਦੀ ਈ ਅਜੇਹੀ ਐ — ਕਿਸੇ ਭਖਾ ਦਿਤਾ ਹੋਊ । ਮੈਨੂੰ ਤਾਂ ਕੇਸਰੋ ਦਾ ਸੁਭਾ ਚੰਗਾ ਲਗਦੈ ।

ਰੱਖੋ — ਸੁਭਾ ਦੀ ਤਾਂ ਚੰਗੀ ਐ, ਏਸ ਵਿਚ ਕੋਈ ਝੂਠ ਨਹੀਂ, ਪਰ —

ਨੱਥੀ — ਪਰ ਕੀ — ?

ਰੱਖੋ — ਪਰ ਉਸਦੀਆਂ ਗੱਲਾਂ ਬੜੀਆਂ ਉਡਦੀਆਂ ਨੇ ।

ਨੱਥੀ — ਨੀ ਲੋਕਾਂ ਨੂੰ ਤਾਂ ਸੁਆਹ ਉਡਾ ਉਡਾ ਖੇਡਣ ਦਾ ਚਾ ਹੁੰਦਾ ਏ, ਤੇ ਅਤਰੀ ਵਰਗੀਆਂ ਭੂਤਨੀਆਂ ਦਾ ਕੋਈ ਕਾਲ ਐ ? ਪਰ ਮੈਂ ਤੈਨੂੰ ਦਸ ਦੇਵਾਂ, ਕੇਸਰੋ ਦਾ ਕੁਝ ਘਟਣਾ ਵਧਣਾ ਨਹੀਂ, ਲੋਕ ਆਪੇ ਭੌਂਕ ਭੌਂਕ ਕੇ



ਚੁੱਪ ਹੋ ਜਾਣਗੇ । ਤੀਵੀਂ ਦਾ ਆਪਣਾ ਮਨ ਸਾਫ ਚਾਹੀਦਾ ਹੈ, ਫਿਰ ਉਸ ਉਤੇ ਲੱਖ ਤੁਹਮਤਾਂ ਪਏ ਲਾਓ, ਕੁਝ ਨਹੀਂ ਹੁੰਦਾ ।

ਰੱਖੋ — ਏਸ ਲਈ ਬੜੇ ਤਕੜੇ ਜਿਗਰੇ ਦੀ ਲੋੜ ਐ ।

ਨੱਥੀ — ਹੋਰ ਕੀ ।

ਰੱਖੋ — ਮੇਰਾ ਮਾਲਕ ਤਾਂ ਕਦੇ ਨਾ ਪੜ੍ਹਨ ਦੇਵੇ ।

ਨੱਥੀ — ਮੈਨੂੰ ਤਾਂ ਉਸ ਦਿਨ ਬੇਬੀ ਨੇ ਹਟਾ ਦਿਤਾ, ਨਹੀਂ ਮੈਂ ਤਾਂ ਭੈਣ ਜੀ ਕੋਲ ਜ਼ਰੂਰ ਪੜ੍ਹਨ ਜਾਂਦੀ ।

ਰੱਖੋ — ਤੂੰ ਤਾਂ ਰੀਸਾਂ ਦੀ ਪੱਟੀ ਹੋਈ ਐਂ । ਕੋਈ ਕੁਝ ਕਰੇ, ਤੂੰ ਪਹਿਲਾਂ ਕਰੇਂਗੀ । ਚਲ, ਚਲ ਕੇ ਖੂਹ ਤੋਂ ਪਾਣੀ ਲੈ ਆਈਏ, ਕਿਤੇ ਝਿਉਰ ਨੇ ਰੱਸਾ ਨਾ ਲਾਹ ਦਿਤਾ ਹੋਵੇ ।

ਨੱਥੀ — ਨੀ, ਚਲਦੀਆਂ ਆਂ, ਕਾਹਲੀ ਕਾਹਦੀ ਐ ।

ਉਹ ਦੋਵੇਂ ਜਾਂਦੀਆਂ ਹਨ, ਦੂਜੇ ਪਾਸਿਓਂ ਅਤਰੀ ਤੇ ਲੱਖਾ ਗੱਲਾਂ ਕਰਦੇ ਆਉਂਦੇ ਹਨ ।

ਅਤਰੀ — ਜੁਆਨ ਜਹਾਨ ! ਇਸ ਤਰ੍ਹਾਂ ਚੂੰਡਾ ਚੋਪੜ ਕੇ ਤੇ ਪੀੜ੍ਹਾ ਡਾਹ ਕੇ ਬੈਠਣ ਦਾ ਕੀ ਰਾਹ ? ਮੱਲਾ, ਸਾਨੂੰ ਤਾਂ ਇਹ ਚੱਜ ਠੀਕ ਨਹੀਂ ਲਗਦੇ । ਤੂੰ ਨਰਮ ਸੁਭਾ ਏਂ, ਤਾਹੀਓਂ ਤਾਂ ਉਹ ਚੜ੍ਹੀ ਰਹਿੰਦੀ ਐ, ਨਹੀਂ ਤੀਵੀਂ ਦੀ ਕੀ ਮਜਾਲ ਜੁ ਆਦਮੀ ਅੱਗੇ ਬੋਲ ਪਏ । ਤੂੰ ਹੀ ਮਸਤਾ ਰਖਿਆ ਏ । ਅੱਜ ਨਰੈਣਾ ਦਾਰੂ ਪੀ ਕੇ ਆਇਆ ਤੇ ਕੇਸਰੋ ਨੂੰ ਆਖਣ ਲੱਗਾ, 'ਕੇਸਰੀਏ ! ਮੇਰੀ ਵਾਸਕਟ ਸਿਉਂ ਦੇ ਰਤਾ' — ਭਲਾ ਕਿਸੇ ਨੂੰ ਰੋਕ ਤਾਂ ਨਹੀਂ ਨਾ ਆਉਣ ਤੋਂ । ਜਿਸ ਗਜ ਲੀਰ ਚੁੱਕੀ, ਉਹੀ ਥੜ੍ਹੇ ਉਤੇ ਆ ਖੜੋਤਾ । ਤੇ ਉਹ — ਭਾਵੇਂ ਦਾਰੂ ਪੀ ਕੇ ਆਵੇ ਭਾਵੇਂ ਸੁਲਫਾ ਚਾੜ੍ਹ ਕੇ — ਸਭ ਨਾਲ ਹੱਸ ਹੱਸ ਗੱਲਾਂ ਕਰਦੀ ਐ । ਸਾਰੇ ਥੂਹ ਥੂਹ ਹੁੰਦੀ ਐ । ਬੀਰਾ, ਮੈਨੂੰ ਕੀ ? ਫਿਰ ਕਿਤੇ ਮੇਰਾ ਨਾਉਂ ਲੈ ਦੇਵੇਂ ਤੇ ਮੇਰੀ ਗੁੱਤ ਪੱਟ ਹੋਵੇ । ਮੈਂ ਤੇ ਗੁਆਂਢਣ ਹੋ ਕੇ ਆਖਣੀ ਆਂ ਪਈ ਦੇਖ ਕੇ ਮੱਖੀ ਨਹੀਂ ਲੰਘਾਈ ਜਾਂਦੀ । ਜੇ ਗੁਆਂਢ ਦੇ ਘਰ ਨੂੰ ਅੱਗ ਲੱਗਦੀ ਐ ਤਾਂ ਸੇਕ ਤਾਂ ਪਹੁੰਚਦਾ ਈ ਐ ਨਾ ।

ਲੱਖਾ ਸਾਰੀਆਂ ਗੱਲਾਂ ਸੁਣ ਕੇ ਹੂੰ ਹੂੰ ਕਰ ਰਿਹਾ ਹੈ । ਉਹ ਅਤਰੀ ਦੀਆਂ ਗੱਲਾਂ ਤੋਂ ਬੜਾ ਪ੍ਰਭਾਵਤ ਜਾਪਦਾ ਹੈ ।

ਤੂੰ ਉਧਰ ਖੇਤ ਜਾਨਾ ਐਂ, ਨੂਹ ਰੂੜਾ ਏਥੇ !

ਲੱਖਾ — ਰੂੜਾ ਏਥੇ ਕੀ ਲੈਣ ਆਉਣਾ ਹੋਇਆ, ਕਿਸੇ ਕੰਮ ਈ ਆਉਂਦਾ ਹੋਊ ਨਾ ।

ਅਤਰੀ — ਲੈਣ ਆਉਂਦਾ ਏ ਏਥੇ ਉਹ ਤੇਜ-ਫਲ ! ਤੇ ਉਸ ਨੂੰ ਕੰਮ ਵੀ ਉਦੋਂ ਈ ਪੈਂਦਾ ਏ ਜਦੋਂ ਤੂੰ ਨਹੀਂ ਹੁੰਦਾ । ਭਲਾ ਪਹਿਲਾਂ ਤੂੰ ਲਾਮ ਉਤੇ ਗਿਆ ਸੀ ਤਾਂ ਅਸੀਂ ਸਮਝਦੀਆਂ ਸਾਂ, ਸੋ ਸੁੱਖ ਦੁਖ ਪੁਛਣ ਆ ਜਾਂਦਾ ਏ, ਖਤ ਪੱਤਰ ਉਠਾਉਣ ਈ ਆ ਜਾਂਦਾ ਹੋਊ । ਪਰ ਹੁਣ ਤਾਂ ਉਹ ਆਪ ਵੀ ਪੜ੍ਹ ਗਈ ਏ । ਇਹ ਪੜ੍ਹਿਆਂ ਦਾ ਸਾਰਾ ਆਵਾ ਈ ਊਤਿਆ ਹੋਇਆ ਹੁੰਦਾ ਏ । ਮੈਥੋਂ ਹੋਰ ਗੱਲਾਂ ਫੁਲਾਏਂਗਾ — ਪਰ ਮੈਨੂੰ ਬਗਾਨਿਆਂ ਦਾ ਕੀ ? ਤੂੰ ਘਰ ਦਾ ਮੁੰਡਾ ਐਂ, ਤਾਂ ਤੇਰੇ ਨਾਲ ਗੱਲਾਂ ਕਰਨ ਖੜੋ ਗਈ ।

ਲੱਖਾ — (ਸੋਚਦਿਆਂ ਹੋਇਆਂ) ਕਈ ਵਾਰ ਮੈਨੂੰ ਐਵੇਂ ਭਰਮ ਜਿਹਾ ਤਾਂ ਪਿਆ ਸੀ, ਪਰ ਮੈਂ ਰੂੜੇ ਨੂੰ ਕਦੀ ਗੌਲਿਆ ਨਹੀਂ — ਬੱਸ ਇਕ ਦੋ ਵਾਰੀ ਕੇਸਰੋ ਨੂੰ ਠਾਕਿਆ ਸੀ ।

ਅਤਰੀ — ਮੱਲਾ, ਇਹ ਕੁਝ ਗੱਲ ਈ ਇਸ ਤਰ੍ਹਾਂ ਹੁੰਦੀ ਐ ਪਈ ਜਦ ਸਾਰੇ ਜਹਾਨ ਨੂੰ ਪਤਾ ਲੱਗ ਜਾਏ ਨਾ, ਘਰ ਦੇ ਆਦਮੀ ਨੂੰ ਓਦੋਂ ਈ ਪਤਾ ਲੱਗਦਾ ਐ । ਕਿਸੇ ਐਵੇਂ ਨਹੀਂ ਸੀ ਆਖਿਆ, ਤੀਵੀਂ ਵਿਚ ਤਿੰਨ ਸੌ ਸੱਠ ਚਲਿੱਤਰ ਹੁੰਦੇ ਨੇ । ਝੁੱਗਾ ਚੌੜ ! ਹੋਰ ਪੜ੍ਹਾ ਲਓ ! ਪੜ੍ਹਾਈਆਂ ਵਿਚ ਸੌ ਬੁਰਾਈਆਂ । ਕਦੇ ਕੋਈ ਚੰਗੀ ਗੱਲ ਤਾਂ ਸੁਣੀ ਈ ਨਹੀਂ, ਬੱਸ ਹੁਣ ਇਹ ਗੱਲਾਂ ਖਬਾਰਾਂ 'ਚ ਛਪਣ ਦੀ ਕਸਰ ਐ । ਭਾਈ ਪਹਿਲੇ ਤਾਂ ਅਜੇਹੀਆਂ ਗੱਲਾਂ ਕਦੇ ਨਹੀਂ ਸਨ ਸੁਣੀਆਂ । ਪਹਿਲਾਂ ਤਾਂ ਇਕ ਦੀ ਨੂੰਹ ਧੀ ਸਾਰੇ ਪਿੰਡ ਦੀ ਨੂੰਹ ਧੀ ਹੁੰਦੀ ਸੀ, ਹੁਣ ਤਾਂ ਸੱਕੇ ਸ਼ਰੀਕ ਦਾ ਵਸਾਹ ਨਹੀਂ । ਡੈਣ ਵੀ ਇਕ ਘਰ ਛੱਡ ਦੇਂਦੀ ਹੈ, ਪਰ ਅੱਜ ਕਲ ਦੇ ਸਮੇਂ ਵਿਚ ਤਾਂ ਲੋਕੀ ਡੈਣਾਂ ਨਾਲੋਂ ਵੀ ਵੱਧ ਗਏ ਨੇ । ਇਹ ਰੂੜਾ —

ਲੱਖਾ — ਬੱਸ, ਬੱਸ, ਹੋਰ ਨਾ ਬੋਲ ਤਾਈ !

ਅਤਰੀ — ਮੈਨੂੰ ਕੀ, ਮੈਂ ਤਾਂ ਤੇਰੇ ਭਲੇ ਦੀ ਕਹਿਣੀ ਆਂ । ਤੇ ਜੇ ਸੱਚ ਪੁੱਛੇਂ ਤਾਂ ਸਾਰਾ ਦੋਸ ਕੇਸਰੋ ਦਾ ਏ । ਬੀਬਾ, ਰੂੜਾ ਨਹੀਂ ਹੋਊਗਾ ਤਾਂ ਮਾੜਾ ਹੋਊਗਾ, ਤੇ ਜੇ ਮਾੜਾ ਨਹੀਂ ਹੋਊਗਾ ਤਾਂ ਧੀੜਾ ਹੋਊਗਾ — ਕਿਸੇ ਨਾ



ਕਿਸੇ ਤਾਂ ਹੋਣਾ ਈ ਹੋਇਆ । ਇਹ ਤਾਂ ਤੀਵੀਂ ਨੂੰ ਆਪਣਾ ਆਪ ਸਾਂਭ ਕੇ ਰੱਖਣਾ ਚਾਹੀਦਾ ਐ । ਤੂੰ ਐਵੇਂ ਖਿਝਦਾ ਐਂ ਮੇਰੇ ਉਤੇ । ਇਹੋ ਤਾਂ ਮੇਰੇ ਵਿਚ ਖੋਟ ਐ, ਮੇਰੇ ਢਿੱਡ ਵਿਚ ਕੋਈ ਗੱਲ ਨਹੀਂ ਪਚਦੀ । ਹਾਏ ! ਕੀ ਲੋੜ ਸੀ ਮੈਨੂੰ ਇਹ ਸਾਰੀਆਂ ਗੱਲਾਂ ਆਖਣ ਦੀ, ਫਿਰ ਪਿਛੋਂ ਮੈਂ ਈ ਬੁਰੀ ਅਖਵਾਵਾਂਗੀ ।

ਇਹ ਆਖਦੀ ਹੋਈ ਅਤਰੀ ਚਲੀ ਜਾਂਦੀ ਹੈ । ਲੱਖਾ ਇਕੱਲਾ ਰਹਿ ਜਾਂਦਾ ਹੈ ।

ਲੱਖਾ — (ਉਤਾਵਲਾ ਹੋ ਕੇ ਇਧਰ ਉਧਰ ਫਿਰਦੇ ਹੋਏ) ਜਵਾਨ ਜਹਾਨ ! ਚੂੰਡਾ ਚੋਪੜ ਕੇ ਬੈਠਦੀ ਐ, ਤੇ ਪੀੜ੍ਹਾ ਡਾਹ ਕੇ ! ਊਂਹ, ਘਰ ਵਿਚ ਕਦੇ ਕੋਈ ਆਉਂਦੈ, ਕਦੇ ਕੋਈ । ਉਫ਼ ! ਮੈਂ ਅੱਜ ਜ਼ਰੂਰ ਕੁਝ ਕਰ ਬੈਠਾਂਗਾ ।

ਕੇਸਰੋ ਘਰ ਅੰਦਰੋਂ ਕੁਝ ਕਪੜੇ ਲੈ ਕੇ ਨਿਕਲਦੀ ਹੈ । ਲੱਖਾ ਗੁੱਸੇ ਨਾਲ ਉਸ ਵਲ ਵਧਦਾ ਹੈ ।

ਲੱਖਾ — ਕਿੱਧਰ ਚੱਲੀ ਐਂ ?

ਕੇਸਰੋ — ਅਰਜੀ ਨਵੀਸਾਂ ਦੇ ਘਰ ।

ਲੱਖਾ — ਕਿਉਂ, ਹੁਣ ਕਿਹੜੀ ਅਰਜੀ ਦੇਣੀ ਪੈ ਗਈ ?

ਕੇਸਰੋ — ਅਰਜੀ ਕਿਹੜੀ ਦੇਣੀ ਸੀ, ਇਹ ਦੋ ਝੱਗੇ ਛੱਡਣ ਚੱਲੀ ਆਂ । ਉਸ ਦੀ ਕੁੜੀ ਦੋ ਵਾਰ ਆ ਚੁੱਕੀ ਏ ।

ਲੱਖਾ — ਤੈਨੂੰ ਕੀ ਲੋੜ ਏ ਜਾਣ ਦੀ ? ਜਿਸ ਨੂੰ ਲੋੜ ਹੋਵੇਗੀ ਸੋ ਵਾਰੀ ਫੇਰਾ ਮਾਰੂਗਾ ।

ਕੇਸਰੋ — ਲੋਕਾਂ ਨੂੰ ਕੀ ਲੋੜ ਐ, ਲੋੜ ਤੇ ਸਾਨੂੰ ਆਪ ਏ ।

ਲੱਖਾ — ਹੂੰ ! ਮੈਨੂ ਪਤਾ ਏ ਲੋੜ ਦਾ ।

ਕੇਸਰੋ — ਤੂੰ ਏਸ ਤਰ੍ਹਾਂ ਮੂੰਹ ਕਿਉਂ ਵੱਟ ਲਿਐ ?

ਲੱਖਾ — (ਚੁੱਪ)

ਕੇਸਰੋ — ਕੀ ਗੱਲ ਏ ?

ਲੱਖਾ — ਅੱਜ ਨਰੈਣਾ ਇਥੇ ਆਇਆ ਸੀ ?

ਕੇਸਰੋ — ਨਰੈਣਾ ?

ਲੱਖਾ — ਹਾਂ, ਨਰੈਣਾ ।

ਕੇਸਰੋ — ਨਹੀਂ ਤਾਂ —

ਲੱਖਾ — (ਭਖ਼ ਕੇ) ਦਾਰੂ ਪੀ ਕੇ ਨਹੀਂ ਸੀ ਆਇਆ ਏਥੇ ਨਰੈਣਾ ?

ਕੇਸਰੋ — ਹਾਂ, ਸੱਚ ਆਇਆ ਸੀ, ਪਰ ਮੈਨੂੰ ਕੀ ਪਤਾ ਕਿ ਉਸ ਦਾਰੂ ਪੀਤਾ ਹੋਇਆ ਐ। ਮੈਨੂੰ ਤਾਂ ਬਸ ਉਸ ਏਹੋ ਆਖਿਆ, ''ਭੈਣੇ ਮੇਰੇ ਨਿੱਕੇ ਕਾਕੇ ਦਾ ਕੋਟ ਸੀ ਦੇਵੀਂ'', ਮੈਂ ਕਪੜਾ ਫੜ ਲਿਆ।

ਲੱਖਾ — ਹੂੰ ! ਸੁਣਿਐ, ਬੰਸੀ ਕਬੂਤਰ-ਬਾਜ ਵੀ ਆਉਂਦੇ ਏਥੇ ?

ਕੇਸਰੋ — ਖੌਰੇ ਕਿਹੜਾ ਬੰਸੀ ?

ਲੱਖਾ — ਤੇ ਭਾਂਗੜ ਮਰਾਸੀ ਵੀ ਆਉਂਦੇ ਏਥੇ ਸੁਲਫਾ ਚਾੜ੍ਹ ਕੇ।

ਕੇਸਰੋ — ਉਸ ਏਥੇ ਕਿਉਂ ਆਉਣਾ ਹੋਇਆ ?

ਲੱਖਾ — ਖੌਰੇ ਕਿਉਂ ਆਉਣਾ ਹੋਇਆ, ਤੇ ਪਤਾ ਨਹੀਂ ਹੋਰ ਕੌਣ ਕੌਣ ਆਉਂਦੇ ਏਥੇ।

ਕੇਸਰੋ — ਪਤਾ ਨਹੀਂ ਤੂੰ ਕੀ ਕੀ ਸੁਣ ਆਉਣੈ ਬਾਹਰੋਂ ?

ਲੱਖਾ — ਮੈਂ ਕੀ ਸੁਣ ਆਉਣਾ ਏਂ, ਸਾਰੇ ਪਿੰਡ ਵਿਚ ਸੁਆਹ ਉੱਡੀ ਹੋਈ ਏ।

ਕੇਸਰੋ — ਪਤਾ ਨਹੀਂ ਦਿਨ ਪਰ ਦਿਨ ਤੈਨੂੰ ਕੀ ਹੁੰਦਾ ਜਾਂਦੈ। ਜਦੋਂ ਬਾਹਰੋਂ ਆਉਣਾ ਏਂ, ਕੋਈ ਨਾ ਕੋਈ ਅਜਿਹੀ ਗੱਲ ਲੜ ਬੰਨ੍ਹ ਕੇ ਹੀ ਘਰ ਵੜਦੈਂ।

ਲੱਖਾ — ਨੀਂ ਮੈਂ ਕੋਈ ਕੰਨਾਂ ਵਿਚ ਬੁੱਜੇ ਨਹੀਂ ਦਿਤੇ ਹੋਏ ! ਅੱਖਾਂ ਉਤੇ ਪੱਟੀਆਂ ਨਹੀਂ ਬੰਨ੍ਹੀਆਂ ਹੋਈਆਂ !

ਕੇਸਰੋ — ਤੈਨੂੰ ਕਿਸੇ ਨੇ ਭਕਾ ਦਿਤਾ ਹੋਣੈਂ।

ਲੱਖਾ — ਮੈਨੂੰ ਸਭ ਪਤਾ ਏ। ਬਸ ਮੇਰੇ ਵਿਚ ਏਹੋ ਖੋਟ ਏ ਮੈਂ ਦੇਖ ਦਾਖ ਕੇ ਵੀ ਚੁੱਪ ਰਹਿਣੈਂ। ਪਰ ਮੈਂ ਤੈਨੂੰ ਦਸ ਦੇਵਾਂ, ਮੈਂ ਹੁਣ ਇਹ ਕੰਜਰਖਾਨਾ ਨਹੀਂ ਚੱਲਣ ਦੇਣਾ।

ਕੇਸਰੋ — ਤੈਨੂੰ ਇਹ ਗੱਲਾਂ ਆਖਦਿਆਂ ਸੰਗ ਨਹੀਂ ਆਉਂਦੀ ?

ਲੱਖਾ — ਨੀਂ ਮੈਨੂੰ ਸਭ ਪਤਾ ਏ। ਥੜ੍ਹੇ ਉਤੇ ਮਸ਼ੀਨ ਧਰ ਕੇ ਤੂੰ ਮੇਰੀਆਂ ਅੱਖਾਂ ਵਿਚ ਘੱਟਾ ਪਾਉਣ ਲਗੀ ਏਂ ? ਦੇਖਾਂਗਾ ਜੁ ਹੁਣ ਕਲ੍ਹ ਤੋਂ ਕੋਈ ਇਸ ਥੜ੍ਹੇ ਉਤੇ ਚੜ੍ਹ ਵੀ ਗਿਆ। ਜਹਾਨ ਭਰ ਦਾ ਜੋ ਲੁੱਚਾ ਲੰਡਾ ਹੈ ਬਸ ਸਭਨਾਂ ਲਈ ਇਕ ਏਹੋ ਘਰ ਰਹਿ ਗਿਐ।

ਕੇਸਰੋ — ਹਾਏ ਹਾਏ ! ਤੈਨੂੰ ਇਹ ਤੁਹਮਤਾਂ ਲਾਉਂਦੇ ਨੂੰ ਲੱਜ ਨਹੀਂ ਆਉਂਦੀ ?



ਲੱਖਾ — ਤੂੰ ਜੁ ਲੱਜ ਰਖੀ ਏ !

ਕੇਸਰੋ — ਇਹ ਤੂੰ ਨਹੀਂ, ਤੇਰੇ ਵਿਚ ਕੋਈ ਹੋਰ ਬੋਲਦੈ। ਤੂੰ ਤਾਂ ਅਜੇਹੀਆਂ ਗੱਲਾਂ ਮੈਨੂੰ ਕਦੀ ਵੀ ਨਹੀਂ ਸਨ ਆਖੀਆਂ। ਹਾਏ ! ਤੂੰ ਮੇਰੇ ਵਲ ਇਸ ਤਰ੍ਹਾਂ ਟਿਕਵੀਂ ਨਜ਼ਰ ਨਾਲ ਕਿਉਂ ਤੱਕਣ ਲੱਗਿਐਂ ? ਤੇਰੀ ਸੁਰਤ ਟਕਾਣੇ ਨਹੀਂ। ਜਰੂਰ ਤੈਨੂੰ ਕਿਸੇ ਨੇ ਕੁਝ ਘੋਲ ਕੇ ਪਿਲਾ ਦਿਤਾ ਏ। ਆਣ ਸਾਰ ਬਸ ਰੋਜ ਏਹੋ ਸਿਆਪਾ ਲੈ ਕੇ ਬੈਠ ਜਾਨੈਂ !

ਲੱਖਾ — ਮੈਂ ਰੋਜ ਰੋਜ ਦਾ ਇਹ ਸਿਆਪਾ ਹੀ ਮੁਕਾ ਦਿਆਂਗਾ। ਮੈਂ ਅੱਜ ਜ਼ਰੂਰ ਕਿਸੇ ਦਾ ਖ਼ੂਨ ਕਰ ਦਵਾਂਗਾ -- ਜਾਂ ਨਰੈਣੇ ਦਾ, ਜਾਂ ਰੂੜੇ ਦਾ, ਜਾਂ ਘੱਦੇ ਦਾ ਤੇ ਜਾਂ ਫਿਰ ਆਪਣਾ ! ਉਫ਼ ! ਮੈਂ ਆਪਣੇ ਪੈਰ ਉਤੇ ਆਪ ਕੁਹਾੜਾ ਮਾਰਿਆ। ਕਿਉਂ ਤੈਨੂੰ ਪੜ੍ਹਾਇਆ ? ਤੀਵੀਂ ਨੂੰ ਪੜ੍ਹਾਉਣਾ ਤਾਂ ਬਾਂਦਰੀ ਦੇ ਹੱਥ ਉਸਤਰਾ ਫੜਾਉਣਾ ਏ। ਜਾਂ ਦੂਜੇ ਦਾ ਨੱਕ ਵੱਢੂਗੀ, ਨਹੀਂ ਤਾਂ ਆਪਣਾ ਨੱਕ ਵੱਢ ਲਊਗੀ। ਜੀ ਕਰਦੈ, ਖੂਹ 'ਚ ਛਾਲ ਮਾਰ ਕੇ ਮਰ ਜਾਵਾਂ ਤਾਂ ਜੁ ਤੂੰ ਰੰਡੀ ਹੋ ਜਾਵੇਂ ! ਫਿਰ ਜਿਧਰ ਮਰਜੀ ਆਏ, ਖੇਹ ਖਾਂਦੀ ਫਿਰੀਂ !

ਇਹ ਆਖਦਾ ਆਖਦਾ ਲੱਖਾ ਘਰੋਂ ਬਾਹਰ ਨਿਕਲ ਜਾਂਦਾ ਹੈ। ਕੇਸਰੋ ਦੁਹਾਈ ਪਾਉਂਦੀ ਹੋਈ ਉਸ ਦੇ ਮਗਰ ਜਾਂਦੀ ਹੈ।

ਕੇਸਰੋ — ਮੇਰੀ ਗੱਲ ਤੇ ਸੁਣ। ਹਾਏ ! ਪਤਾ ਨਹੀਂ ਕਿਧਰ ਗਿਆ। ਠਹਿਰ, ਮੇਰੀ ਗੱਲ ਤਾਂ ਸੁਣ। ਹਾਏ ! ਪਤਾ ਨਹੀਂ ਕਿਧਰ ਚਲਿਆ ਗਿਆ......

ਇਹ ਆਖਦੀ ਆਖਦੀ ਕੇਸਰੋ ਉਸ ਦੇ ਮਗਰ ਚਲੀ ਜਾਂਦੀ ਹੈ।

(ਹਨ੍ਹੇਰਾ)

## ਅੰਕ ਤੀਜਾ

ਸਵੇਰ ਦਾ ਵੇਲਾ।

ਗਰੀਬੂ ਸ਼ਾਹ ਦੀ ਹੱਟੀ ਦਾ ਬੂਹਾ ਅੰਦਰੋਂ ਖੁੱਲ੍ਹਦਾ ਹੈ ਤੇ ਉਹ ਗਰਦਨ ਬਾਹਰ ਕੱਢ ਕੇ ਏਧਰ ਓਧਰ ਝਾਕਦਾ ਹੈ। ਇਹ ਸਪੱਸ਼ਟ ਹੈ ਕਿ ਉਹ ਆਪਣੇ ਘਰੋਂ ਹੱਟੀ ਦੇ ਅੰਦਰੋਂ ਦੀ ਵਿਚਕਾਰਲਾ ਬੂਹਾ ਖੋਲ੍ਹ ਕੇ ਆਇਆ ਹੈ। ਉਹ ਦੁਕਾਨ ਦੇ ਖਿੜਕ ਲਾਹੁੰਦਾ ਹੈ ਤੇ ਚੀਜ਼ਾਂ ਨੂੰ ਠੀਕ-ਠਾਕ ਕਰਦਾ ਹੈ। ਵੱਟਿਆਂ ਉਤੇ ਪਾਣੀ ਤਰੌਂਕ ਕੇ ਉਨ੍ਹਾਂ ਨੂੰ ਸ਼ੁੱਧ ਕਰਦਾ ਹੈ, ਕੰਧ ਉਤੇ ਟੰਗੀ ਲਕਸ਼ਮੀ ਦੀ ਮੂਰਤੀ ਨੂੰ ਮੱਥਾ ਟੇਕਦਾ ਹੈ, ਧੂਫ ਦੇਂਦਾ ਹੈ, ਤੇ ਪਿੱਤਲ ਦੀ ਦੁਆਤ ਨੂੰ ਕਪੜੇ ਨਾਲ ਰਗੜ ਕੇ ਸਾਫ਼ ਕਰਦਾ ਹੈ।

ਅਤਰੀ ਸਰ੍ਹੋਂ ਦੀਆਂ ਗੰਦਲਾਂ ਲੈ ਕੇ ਆਉਂਦੀ ਹੈ ਤੇ ਆ ਕੇ ਉਸ ਕੋਲ ਤਖ਼ਤ-ਪੋਸ਼ ਉਤੇ ਬੈਠ ਕੇ ਸਾਗ ਨੂੰ ਚੁਣਨ ਲਗਦੀ ਹੈ।

ਕੇਸਰੋ ਖੱਬੇ ਪਾਸਿਓਂ ਸਿਰ ਉਤੇ ਪਾਣੀ ਦਾ ਘੜਾ ਚੁੱਕੀ ਆਉਂਦੀ ਹੈ ਤੇ ਆਪਣੇ ਘਰ ਦੀ ਕੁੰਡੀ ਲਾਹ ਕੇ ਅੰਦਰ ਚਲੀ ਜਾਂਦੀ ਹੈ।

ਅਤਰੀ — (ਕੇਸਰੋ ਦੇ ਘਰ ਵਲ ਤੱਕ ਕੇ) ਤਿੰਨ ਮਹੀਨੇ ਹੋ ਗਏ ਨੇ ਉਸ ਦੇ ਬਿਆਜ ਨੂੰ। ਕਦੀ ਗਿਆ ਵੀ ਐਂ ਲੈਣ? ਚੁਪ ਕਿਉਂ ਏਂ? ਕੀ ਮੂੰਹ ਵਿਚ ਕੌਡੀਆਂ ਪਾਈਆਂ ਹੋਈਆਂ ਨੇ?

ਗਰੀਬੂ ਸ਼ਾਹ — ਮੈਂ ਆਖਿਆ ਪਈ ਗੁਆਂਢਣ ਏ —

ਅਤਰੀ — ਗੁਆਂਢਣ ਦਾ ਇਹ ਮਤਬਲ ਤਾਂ ਨਹੀਂ ਪਈ ਅਸੀਂ ਆਪਣਾ ਕਾਰ ਵਿਹਾਰ ਬੰਦ ਕਰ ਕੇ ਬੈਠ ਜਾਈਏ, ਬਹੀ ਨੂੰ ਧੂਫ ਦੇ ਕੇ ਆਲੇ ਵਿਚ ਰਖ ਦਈਏ। ਤੂੰ ਗੁਆਂਢ ਪੁਗਾਉਣ ਦੀ ਸੋਚਦੈਂ, ਉਹ ਤਾਂ ਇਸ ਬਦਲੇ ਸਾਨੂੰ ਥਾਂ ਥਾਂ ਭੰਡਦੀ ਏ। ਹਨੇਰ ਸਾਈਂ ਦਾ! ਸਾਡੇ ਕੋਲੋਂ ਪੈਸੇ ਲੈ ਕੇ ਮਸ਼ੀਨ ਲੀਤੀ, ਪਰ ਜੇ ਕੋਈ ਕਪੜੇ ਸੁਆਣ ਆਉਂਦੈ, ਤਾਂ ਕਪੜਿਆਂ ਦੀ ਗੱਲ ਪਿਛੋਂ ਤੋਰਦੀ ਏ, ਪਹਿਲਾਂ ਤੈਨੂੰ ਮੈਨੂੰ ਪੁਣਦੀ ਹੈ।

ਗਰੀਬੂ ਸ਼ਾਹ — ਤੂੰ ਠੀਕ ਆਖਦੀ ਏਂ, ਮੁਖ਼ਤ ਦਾ ਸਿਆਪਾ। ਜਨਾਨੀ ਨਾਲ ਮੱਥਾ ਲਾਉਣਾ ਤਾਂ ਏਸੇ ਤਰ੍ਹਾਂ ਐ, ਜਿਵੇਂ ਕੋਠੇ ਵਿਚ ਬਿੱਲੀ ਨੂੰ ਤਾੜ ਕੇ ਘੂਰਨਾ ਘੱਪਣਾ। ਪਤਾ ਨਹੀਂ ਕਿਸ ਵੇਲੇ ਝੁਪੱਟਾ ਮਾਰ ਕੇ ਅੱਖਾਂ ਕੱਢ ਲਵੇ। ਇਹ ਕੇਸਰੋ ਵੀ ਅਜਿਹੀ ਬਿੱਲੀ ਏ।

ਅਤਰੀ — ਫਿਟੀ ਨੀਅਤ ਵਾਲੀ!

ਗਰੀਬੂ ਸ਼ਾਹ — ਸਾਨੂੰ ਇਸ ਨਾਲ ਰਤਾ ਧੀਮਿਆਂ ਵਰਤਣਾ ਚਾਹੀਦਾ ਏ।

ਅਤਰੀ — ਹੁਣੇ ਖੂਹ ਤੋਂ ਪਾਣੀ ਭਰ ਕੇ ਆਈ ਏ। ਜਾਹ, ਜਾ ਕੇ ਅੱਜ ਇਸੇ ਦੀ ਬੋਹਣੀ ਕਰ। ਸ਼ਾਇਦ ਕੁਝ ਬਿਆਜ ਭਾੜਾ ਦੇ ਦੇਵੇ।

ਗਰੀਬੂ ਸ਼ਾਹ — ਸਵੇਰੇ ਸਵੇਰੇ ਜੇ ਇਸ ਕੋਲੋਂ ਪੈਸੇ ਮਿਲ ਜਾਣ ਤਾਂ ਚੰਗਾ ਸ਼ਗਣ ਜਾਣੀਏ।

ਅਤਰੀ — ਹੈ ਬੜੀ ਸੂਮ, ਅੱਧਾ ਅਸਲ ਮੋੜ ਬੈਠੀ ਹੈ।

ਗਰੀਬੂ ਸ਼ਾਹ — ਇਸ ਸੂਮਣੀ ਕੋਲੋਂ ਜੇ ਕੁਝ ਬਿਆਜ-ਬੱਟਾ ਨਿਕਲੇ ਤਾਂ ਸੌ ਆਸਾਮੀਆਂ ਤਰੀਆਂ ਜਾਣੀਏ।

ਅਤਰੀ — ਹਲਾ, ਤੂੰ ਜਾ ਕੇ ਰਤਾ ਉਸ ਨੂੰ ਟੋਹ। ਹਾਏ! ਮੇਰੀ ਤੇ ਦਾਲ ਸੜ ਗਈ ਹੋਣੀ ਏ, ਤੇ ਮੈਂ ਇਥੇ ਤੇਰੇ ਨਾਲ ਗੱਲੀਂ ਲੱਗੀ ਹੋਈ ਆਂ।

ਅਤਰੀ ਘਰ ਅੰਦਰ ਚਲੀ ਜਾਂਦੀ ਹੈ। ਗਰੀਬੂ ਸ਼ਾਹ ਆਪਣੀ ਹੱਟੀ ਤੋਂ ਉਠ ਕੇ ਗਲੀ ਪਾਰ ਕਰਦਾ ਹੈ ਤੇ ਵਹੀ ਸੰਭਾਲਦਾ ਹੋਇਆ ਕੇਸਰੋ ਦਾ ਬੂਹਾ ਖੜਕਾਉਂਦਾ ਹੈ।

ਅੰਦਰੋਂ ਆਵਾਜ਼ — ਕੌਣ ਐ?

ਗਰੀਬੂ ਸ਼ਾਹ — ਮੈਂ ਆਂ — (ਖੰਘ ਕੇ) ਮੈਂ...ਬੂਹਾ ਖੋਲ੍ਹੀਂ।

ਆਵਾਜ਼ — ਠਹਿਰ ਜਾ।

ਕੇਸਰੋ — (ਬੂਹਾ ਖੋਲ੍ਹ ਕੇ) ਕੀ ਐ? ਤੜਕੇ ਤੜਕੇ ਆਇਐਂ ਅੱਜ?

ਗਰੀਬੂ ਸ਼ਾਹ — ਮੈਂ ਆਖਿਆ, ਕੁਝ ਦਿਨਾਂ ਲਈ ਗਰਾਂ ਜਾਣਾ ਸੀ ਨਾਵਾਂ

ਉਗਰਾਹੁਣ — ਦਿਨ ਪਰ ਦਿਨ ਅਸਾਮੀਆਂ ਡੁੱਬਦੀਆਂ ਈ ਜਾਂਦੀਆਂ ਨੇ। ਪਰ ਖੈਰ, ਤੇਰੀ ਗੱਲ ਨਹੀਂ ਕਰਦਾ, ਤੂੰ ਤਾਂ ਕਾਰ ਵਿਹਾਰ ਵਿਚ ਬਹੁਤ ਖਰੀ ਐਂ। ਹਾਂ, ਬਾਹਰ ਜਾਣਾ ਸੀ, ਇਸ ਕਰਕੇ ਸੋਚਿਆ ਪਈ ਜਾਂਦਾ-ਜਾਂਦਾ ਤੇਰੇ ਨਾਲ ਕੁਝ ਪਿਛਲਾ ਲੇਖਾ ਕਰ ਜਾਵਾਂ।

ਕੇਸਰੋ — ਚੌਥੇ ਦਿਨ ਲੇਖਾ ? -- ਹਾਲੇ ਦੋ ਮਹੀਨੇ ਹੋਏ ਤਾਂ ਕੀਤਾ ਸੀ।

ਗਰੀਬੂ ਸ਼ਾਹ -- (ਉਂਗਲਾਂ ਉਤੇ ਗਿਣ ਕੇ) ਜੇਠ...ਹਾੜ੍ਹ...ਭਾਦੋਂ...ਪੂਰੇ ਸਾਢੇ ਚਾਰ ਮਹੀਨੇ ਹੋ ਗਏ ਨੇ।

ਕੇਸਰੋ — ਸਾਢੇ ਚਾਰ ਮਹੀਨੇ ?

ਗਰੀਬੂ ਸ਼ਾਹ — ਹਾਂ, ਚਾਰ ਮਹੀਨੇ ਦਸ ਦਿਨ।

ਕੇਸਰੋ — ਚੰਗਾ, ਰਤਾ ਠਹਿਰ। ਕਰਦੀ ਆਂ ਤੇਰਾ ਲੇਖਾ। ਗੁਆਂਢ ਮੱਥੇ ਲੱਗਦੈਂ, ਮੈਨੂੰ ਤਾਂ ਸਭ ਤੋਂ ਵੱਧ ਤੇਰੇ ਰੁਪੱਈਆਂ ਦਾ ਫਿਕਰ ਐ।

ਗਰੀਬੂ ਸ਼ਾਹ -- ਸਾਡੇ ਰੁਪੱਈਆਂ ਵਿਚ ਬੜੀ ਬਰਕਤ ਐ, ਕੇਸਰੋ ! ਸਾਡੇ ਰੁਪੱਈਆਂ ਨਾਲ ਤੂੰ ਮਸੀਨ ਲੀਤੀ। ਸਾਡੇ ਰੁਪੱਈਆਂ ਦਾ ਈ ਪਰਤਾਪ ਐ। ਮਸੀਨ ਧਰੀ ਬੈਠੀ ਐਂ ਰੁਪੱਈਏ ਘੜੀ ਜਾਨੀ ਐਂ। ਮੈਨੂੰ ਲਗਦੈ ਤੂੰ ਕਪੜੇ ਸੀਣ ਦੀ ਮਸੀਨ ਨਹੀਂ, ਰੁਪੱਈਏ ਘੜਨ ਦੀ ਮਸੀਨ ਲੀਤੀ ਐ।

ਕੇਸਰੋ — ਕਿਉਂ ਤੜਕੇ ਤੜਕੇ ਕੁਫਰ ਤੋਲਣ ਲਗਿਆ ਐਂ ? ਏਸ ਮਸ਼ੀਨ ਨੂੰ ਲੈਣ ਲਗਿਆਂ ਤੇਰੇ ਕੋਲੋਂ ਤਾਂ ਮਸਾਂ ਸੌ ਰੁਪਏ ਲੀਤੇ ਹੋਣਗੇ, ਬਾਕੀ ਦੇ ਤਾਂ ਮੈਂ ਹੱਥ ਕੰਨ ਦੇ ਸਾਰੇ ਗਹਿਣੇ ਗੱਟੇ ਬੇਚ ਕੇ ਕੰਮ ਸਾਰਿਆ। ਤੂੰ ਕਿਹੜਾ ਘੱਟ ਬਿਆਜ ਲਾਇਆ ਏ, ਦੋ ਰੁਪਈਏ ਸੈਂਕੜਾ ! ਮੈਂ ਤਾਂ ਫੇਰ ਵੀ ਦਸਾਂ ਨੌਹਾਂ ਦੀ ਕਿਰਤ ਖਾਨੀ ਆਂ, ਪਰ ਤੇਰਾ ਬਿਆਜ ਤਾਂ ਬੈਠੇ ਬੈਠੇ ਈ ਕੱਦੂ ਦੀ ਬੇਲ ਵਾਂਗ ਵਧੀ ਜਾਂਦਾ ਐ। ਨਾ ਹੱਥ ਹਿੱਲੇ ਨਾ ਪੈਰ, ਮੁਫ਼ਤੋ-ਮੁਫ਼ਤੀ ਵਿਚ ਦੂਣੇ ਤੀਣੇ ਕਰ ਲੈਨਾਂ ਏਂ।

ਗਰੀਬੂ ਸ਼ਾਹ — ਤੀਵੀਂ ਪੜ੍ਹ ਲਿਖ ਕੇ ਕੰਜੂਸ ਹੋ ਜਾਂਦੀ ਐ, ਤੇ ਕੰਜੂਸ ਹੋ ਕੇ ਉਸ ਦਾ ਜਿਗਰਾ ਹੋਰ ਵੀ ਛੋਟਾ ਹੋ ਜਾਂਦਾ ਐ।

ਕੇਸਰੋ — ਹੁਣ ਤੇਰੇ ਕਿੰਨੇ ਰਹਿੰਦੇ ਨੇ ?

ਗਰੀਬੂ ਸ਼ਾਹ -- ਮਸਾਂ ਚਾਰ ਪੰਜ ਬਣਦੇ ਨੇ ਬਿਆਜ ਦੇ।

ਕੇਸਰੋ -- ਬਿਆਜ ਨਹੀਂ, ਕੁਲ ਕਿੰਨਾ ਬਣਦਾ ਏ ਤੇਰਾ ?

ਗਰੀਬੂ ਸ਼ਾਹ — ਕੁਲ ਚੁਕਾਏਂਗੀ ?



ਕੇਸਰੋ -- ਹਾਂ।

ਗਰੀਬੂ ਸ਼ਾਹ -- ਮੈਂ ਤਾ ਬਿਆਜ ਈ ਲੈਣ ਆਇਆ ਸਾਂ।

ਕੇਸਰੋ — ਤੈਨੂੰ ਨਿਤ ਨਿਤ ਔਖਾ ਹੋਣਾ ਪੈਂਦਾ ਏ, ਅੱਜ ਤੇਰਾ ਸਾਰਾ ਲੇਖਾ ਈ ਤਾਰ ਦਵਾਂਗੀ।

ਗਰੀਬੂ ਸ਼ਾਹ -- ਰੱਬ ਅਜੇਹੀਆਂ ਅਸਾਮੀਆਂ ਤਾਂ ਰੋਜ ਰੋਜ ਦਵੇ।

ਕੇਸਰੋ -- ਕੁਲ ਕਿੰਨਾ ਬਣਦਾ ਏ ?

ਗਰੀਬੂ ਸ਼ਾਹ -- ਨੀ ਬਣਨ ਨੂੰ ਕੀ ਡਾਲੇ ਬਣਦੇ ਨੇ। ਬੱਸ ਮਸਾਂ ਤਿੰਨਾਂ ਉਤੇ ਸੱਠ। ਹੁਣ ਕਾਹਦੇ ਲੇਖੇ ਰਹਿ ਗਏ ਤੇ ਕਾਹਦੇ ਲੈਣੇ ਦੇਣੇ। ਬੱਸ ਧੰਦਾ ਈ ਤੋਰੀਦਾ ਐ। ਪੁਰਾਣੀ ਲਲਕ ਸਮਝ ਲੈ। ਹੁਣ ਇਹਨਾਂ ਵਣਜਾਂ ਵਪਾਰਾਂ ਵਿਚ ਕੁਝ ਨਹੀਂ ਪਿਆ। ਬਹੁਤ ਸਾਰੀਆਂ ਅਸਾਮੀਆਂ ਤਾਂ ਬਸ ਬਿਆਜ ਈ ਮਸਾਂ ਦੇਂਦੀਆਂ ਹਨ, ਮੂਲ ਤਾਂ ਉੱਕਾ ਨਹੀਂ ਦੇਂਦੀਆਂ। ਬਹੁਤ ਸਾਰੀਆਂ ਡੁੱਬ ਜਾਂਦੀਆਂ ਹਨ — ਤੇ ਜੇ ਕੁਝ ਤਾਰਦੀਆਂ ਵੀ ਹਨ ਤਾਂ ਰੋ ਪਿੱਟ ਕੇ।

ਕੇਸਰੋ ਅੰਦਰ ਜਾ ਕੇ ਰੁਪਏ ਲਿਆਉਂਦੀ ਹੈ। ਗਰੀਬੂ ਸ਼ਾਹ ਨੂੰ ਦੇਂਦੀ ਹੈ ਤੇ ਗਰੀਬੂ ਸ਼ਾਹ ਗਿਣਦਾ ਹੈ।

ਕੇਸਰੋ -- ਪੂਰੇ ਨੇ ?

ਗਰੀਬੂ ਸ਼ਾਹ — ਲੈ ਕਮਲੀਏ ! ਤੂੰ ਸਾਨੂੰ ਕੋਈ ਘੱਟ ਦੇਣੇ ਸਨ ?

ਕੇਸਰੋ — ਲਿਆ ਵਹੀ ਆਪਣੀ।

ਗਰੀਬੂ ਸ਼ਾਹ — (ਆਪਣੀ ਵਹੀ ਅੱਗੇ ਕਰਕੇ) ਇਹ ਆ ਤੇਰਾ ਨਾਂ।

ਕੇਸਰੋ -- ਮੈਥੋਂ ਨਹੀਂ ਇਹ ਲੰਡੇ ਪੜ੍ਹੀਦੇ। ਪਤਾ ਨਹੀਂ ਕੀ ਘੀਚ-ਮਚੋਲਾ ਮਾਰਿਆ ਹੋਇਆ ਏ। ਵੱਖਰੀ ਕਾਗਤੀ ਉਤੇ ਲਿਖ ਕੇ ਦੇ।

ਗਰੀਬੂ ਸ਼ਾਹ -- ਮੈਥੋਂ ਲਖਵਾਏਂਗੀ ?

ਕੇਸਰੋ — ਕਿਉਂ, ਤੂੰ ਨਹੀਂ ਲਖਾਉਂਦਾ ਦੇਣ ਲੱਗੇ ? ਥਾਂ ਥਾਂ ਗੂਠੇ ਲਵਾਉਣਾ ਹੁੰਨਾ ਐਂ।

ਗਰੀਬੂ ਸ਼ਾਹ — (ਕਾਗਤੀ ਉਤੇ ਲਿਖ ਕੇ) ਲੈ ਫੜ।

ਕੇਸਰੋ -- ਹੁਣ ਵਹੀ ਵਿਚੋਂ ਮਸ਼ੀਨ ਦਾ ਨਾਉਂ ਕੱਟ ਦੇ।

ਗਰੀਬੂ ਸ਼ਾਹ — (ਵਹੀ ਵਿਚੋਂ ਮਸ਼ੀਨ ਦਾ ਲੇਖਾ ਕੱਟ ਕੇ) ਕੋਈ ਵੇਲਾ ਸੀ, ਸਾਲ ਵਿਚ ਸੌ ਦਾ ਸਵਾ ਸੌ ਬਿਆਜ ਆਉਂਦਾ ਸੀ। ਅਜ ਕਲ ਜੇ ਅਸਲ ਮਿਲ ਜਾਏ ਤਾਂ ਅਸੀਂ ਰੱਬ ਦਾ ਸ਼ੁਕਰ ਕਰਦੇ ਆਂ।

ਕੇਸਰੋ ਆਪਣੇ ਘਰ ਅੰਦਰ ਚਲੀ ਜਾਂਦੀ ਹੈ ਗਰੀਬੂ ਸ਼ਾਹ ਦੁਕਾਨ ਉਤੇ ਆ ਕੇ ਬੈਠ ਜਾਂਦਾ ਹੈ। ਨੱਥੀ ਗਲੀ ਵਿਚੋਂ ਦੀ ਲੰਘਦੀ ਹੈ।

ਗਰੀਬੂ ਸ਼ਾਹ -- ਆਹ, ਮੈਂ ਆਖਿਆ ਨੱਥੀਏ ! ਮੈਂ ਤਿੰਨ ਵਾਰੀ ਤੇਰੇ ਘਰ ਮੁੰਡਾ ਭੇਜਿਆ, ਰਤਾ ਕੁ ਲੇਖਾ ਰਹਿੰਦਾ ਸੀ, ਉਸ ਨੂੰ ਮੁਕਾ ਦੇਂਦੀ। ਦਵਾਲੀ ਤੀਕ ਅਸੀਂ ਸਾਰਾ ਅਗਲਾ ਪਿਛਲਾ ਜੋੜ ਕਰਨਾ ਹੁੰਦਾ ਏ, ਨਹੀਂ ਤਾਂ ਲਛਮੀ ਨਾਰਾਜ ਹੋ ਜਾਂਦੀ ਏ।

ਨੱਥੀ -- ਕਿਹੜਾ ਲੇਖਾ ? ਮੈਂ ਸਾਰਾ ਤਾਂ ਉਤਾਰ ਦਿਤਾ ਸੀ।

ਗਰੀਬੂ ਸ਼ਾਹ -- ਨੀ ਉਹ ਤਾਂ ਬਿਆਜ-ਬੱਟੇ ਵਿਚ ਪੂਰਾ ਹੋ ਗਿਆ ਸੀ, ਅਸਲ ਰਕਮ ਤਾਂ ਅੱਧੀ ਮਸਾਂ ਉਤਰੀ ਏ। ਆਹ ਵੇਖ ਲੈ, ਵਹੀ ਵਿਚ ਲਿਖਿਆ ਹੋਇਆ ਏ, ਕੋਈ ਝੂਠ ਆਖਦਾ ਆਂ ?

ਨੱਥੀ — ਵਹੀ ਵਿਚ ਵੀ ਤਾਂ ਤੂੰ ਈ ਲਿਖਿਆ ਏ, ਜੋ ਕੁਸ਼ ਮਰਜੀ ਆਏ ਲਿਖ ਲਵੇਂ।

ਗਰੀਬੂ ਸ਼ਾਹ — ਰਾਮ ! ਰਾਮ ! ਕੁਸ਼ ਕਿਵੇਂ ਲਿਖ ਲਵਾਂ ? ਹਸਾਬ ਵਿਚ ਫਰਕ ਕਿਵੇਂ ਪਾ ਦਵਾਂ ? ਆਹ ਵੇਖ, ਪੜ੍ਹ ਲੈ ਤੇ ਆਹ ਤੇਰਾ ਗੂਠਾ ਲਗਿਆ ਹੋਇਆ ਏ।

ਨੱਥੀ — ਪਿਛਲੀ ਵਾਰੀ ਤੂੰ ਆਖਦਾ ਸੈਂ ਬਸ ਪੰਜਾਹ ਰਹਿ ਗਏ, ਤੇ ਉਹ ਪੰਜਾਹ ਮੈਂ ਤੈਨੂੰ ਦਸ ਦਸ ਕਰਕੇ ਮੋੜ ਦਿਤੇ। ਫਿਰ ਹੁਣ ਹੋਰ ਰੁਪਏ ਕਾਹਦੇ ?

ਗਰੀਬੂ ਸ਼ਾਹ — ਮੇਰੀ ਵਹੀ ਵਿਚ ਤਾਂ ਹਾਲੇ ਵੀ ਚਾਲ੍ਹੀ ਨਿਕਲਦੇ ਨੇ ਤੇ ਤੇਰਾ ਨਾਂ ਤੇ ਗੂਠਾ ਉਸੇ ਤਰ੍ਹਾਂ ਏ। ਉਹ ਦਸ ਦਸ ਤਾਂ ਬਿਆਜ ਲਾਹਿਆ ਸੀ।

ਨੱਥੀ -- ਤੇ ਬਾਂਕਾਂ ਜੋ ਰੱਖੀਆਂ ਸਨ ਮੈਂ, ਉਹ ?

ਗਰੀਬੂ ਸ਼ਾਹ — ਤੇਰੀਆਂ ਬਾਂਕਾਂ ਨੂੰ ਗੁੱਗਲ ਹੋਏ ਬਾਰਾਂ ਮਹੀਨੇ ਹੋ ਗਏ ਨੇ। ਮੈਂ ਆਖਣਾਂ ਆਂ, ਪਈ ਇਹ ਹਥਲੀ ਚੂੜੀ ਜੋ ਖੜਕਾਈ ਫਿਰਦੀ ਐਂ, ਇਹ ਦੇ ਕੇ ਸਾਰਾ ਹਸਾਬ ਮੁਕਾ ਦੇ।

ਨੱਥੀ -- ਤੈਨੂੰ ਇਕ ਚੂੜੀ ਦੇ ਤਾਂ ਬੈਠੀ।

ਗਰੀਬੂ ਸ਼ਾਹ -- ਬਸ ਹੁਣ ਤਾਂ ਇਕੋ ਚੂੜੀ ਨਾਲ ਸਾਰਾ ਹਸਾਬ ਮੁਕਦਾ ਏ। ਉਂਜ ਚੂੜੀ ਦੇ ਪੈਸੇ ਘਟ ਬਣਦੇ ਨੇ, ਪਰ ਮੇਰਾ ਸੁਭਾ ਏ ਜੇ ਅਸਾਮੀ



ਨਾਵਾਂ ਭਾਰਦੀ ਹੋਵੇ, ਤਾਂ ਮੁਕਦੇ ਨੂੰ ਮੁਕਾਈਦਾ ਏ।

ਨੱਥੀ -- ਮੈਂ ਤੇਰਾ ਲੇਖਾ ਪੂਰਾ ਕਰ ਚੁਕੀ, ਮੈਨੂੰ ਨਹੀਂ ਪਤਾ।

ਗਰੀਬੂ ਸ਼ਾਹ -- ਉਂਹ ! 'ਲੇਖਾ ਪੂਰੀ ਕਰ ਚੁਕੀ'। ਅਸੀਂ ਤਾਂ ਹੀ ਤਾਂ ਕਿਸੇ ਨੂੰ ਰੁਪੱਈਆ ਦੇ ਕੇ ਰਾਜ਼ੀ ਨਹੀਂ। ਬਸ ਇਕ ਵਾਰੀ ਰੁਪੱਈਆ ਹੱਥੋਂ ਦੇ ਦਿਓ, ਚੰਗੀ ਭਲੀ ਅਸਾਮੀ ਵਿਗੜ ਜਾਂਦੀ ਹੈ। ਪੁਰਾਣੇ ਵੇਲਿਆਂ ਦੀ ਕੀ ਰੀਸ ? ਜੱਟ ਨੂੰ ਜਿਥੇ ਆਖੋ ਗੂਠਾ ਲਾ ਦੇਂਦਾ, ਹਸਾਬ ਲੇਖੇ ਪੀੜ੍ਹੀਆਂ ਤੀਕ ਚਲਦੇ ਸਨ, ਬਾਪ ਦਾ ਲੀਤਾ ਪੁੱਤ ਭਾਰਦਾ ਸੀ। ਹੁਣ ਕੀ ਜਮਾਨਾ ਆ ਗਿਆ ! ਦੇਈ ਦੀ ਸੌਂਹ, ਲੋਕ ਗੂਠਾ ਲਾਉਣ ਸਾਰ ਮੁੱਕਰ ਜਾਂਦੇ ਨੇ ! ਮੈਂ ਆਖਿਆ ਨਥੀਏ, ਤੂੰ ਰਤਾ ਸੋਚ ਕੇ ਮੁਕਰੀਂ। ਹਾਲੇ ਕਚਹਿਰੀਆਂ ਬੰਦ ਨਹੀਂ ਹੋਈਆਂ, ਅਦਾਲਤਾਂ ਦੇ ਸੌ ਬੂਹੇ ਨੇ। ਜੇ ਇਕ ਬੰਦ ਹੋਊ ਦੂਜਾ ਜਾ ਖੜਕਾਊਂਗਾ।

ਨੱਥੀ — ਤੂੰ ਚੁੱਕੀ ਫਿਰ ਵਹੀ, ਮੈਂ ਤਾਂ ਤੇਰਾ ਕੁਸ਼ ਨਹੀਂ ਦੇਣਾ।

ਗਰੀਬੂ ਸ਼ਾਹ — ਲੈਣ ਵੇਲੇ ਤਾਂ ਅੱਗੇ ਪਿੱਛੇ ਫਿਰਦੀ ਸੈਂ, ਪਰ ਜਦ ਬਾਣੀਏ ਦਾ ਦੇਣਾ ਪਏ ਤਾਂ ਉਸ ਗ਼ਰੀਬ ਦਾ ਮੂਲ ਵੀ ਮਾਰ ਜਾਂਦੇ ਓ। ਮੈਂ ਤੈਨੂੰ ਕਚਹਿਰੀ ਠੀਕ ਕਰਾਂਗਾ। ਉਥੇ ਧੂ ਕੇ ਲੈ ਜਾਵਾਂਗਾ ਤਾਂ ਤੁਸੀਂ ਸਿੱਧੀਆਂ ਹੋਵੋਗੀਆਂ। ਪਿਛਲੇ ਮਹੀਨੇ ਵੀ ਮੈਂ ਦੋ ਆਸਾਮੀਆਂ ਦੀ ਕੁੜਕੀ ਕਰਾਈ ਸੀ। ਜੇ ਨਾ ਤੁਹਾਡਾ ਵੀ ਭਾਂਡਾ ਟੀਂਡਾ ਕੁੜਕ ਕਰਾ ਦਿਤਾ ਤਾਂ...

ਨੱਥੀ — ਲੈ, ਇਹ ਹੋਰ ਬਲਾ ਚੰਬੜ ਗਈ ਮੈਨੂੰ। ਗਰੀਬੂ ਸ਼ਾਹਾ, ਮੈਨੂੰ ਕਿਹੜਾ ਪੜ੍ਹਨਾ ਆਉਂਦਾ ਏ। ਜਿਥੇ ਤੂੰ ਆਖਿਆ, ਮੈਂ ਗੂਠਾ ਲਾ ਦਿੱਤਾ —

ਗਰੀਬੂ ਸ਼ਾਹ — ਹੁਣ ਮੈਂ ਤੇਰੇ ਪਿੱਛੇ ਪਿੱਛੇ ਨਹੀਂ ਫਿਰਨਾ। ਤੇਰੇ ਘਰ ਫੇਰੇ ਪਾ ਪਾ ਕੇ ਛਿੱਤਰਾਂ ਵਿਚ ਮੋਘਰੇ ਹੋ ਗਏ ਨੇ। ਜਦ ਤੈਨੂੰ ਤੇ ਤੇਰੀ ਬੋਬੀ ਨੂੰ ਧੂਹ ਕੇ ਕਚਹਿਰੀ ਲੈ ਗਿਆ ਤਾਂ ਥੋਨੂੰ ਦੋਹਾਂ ਨੂੰ ਪਤਾ ਲੱਗੂ।

ਨੱਥੀ — ਨੀ ਕੇਸਰੋ ! ਹਾਏ ! ਇਹ ਲਹੂ ਪੀਣਾ ਐਵੇਂ ਮੇਰੇ ਮਗਰ ਪੈ ਗਿਆ। ਹਾਏ ਨੀ ਕੇਸਰੋ ! ਰਤਾ ਆ ਕੇ ਵੇਖੀਂ, ਤੇ ਸੁਣੀਂ ਏਸ ਦੀਆਂ ਗੱਲਾਂ।

ਕੇਸਰੋ — (ਘਰੋਂ ਨਿਕਲ ਕੇ) ਕੀ ਗੱਲ ਏ ?

ਗਰੀਬੂ ਸ਼ਾਹ — ਗੱਲ ਕਾਹਦੀ ? ਰੁਪੱਈਏ ਦੀ ਗੱਲ ! ਇਹ ਰੁਪੱਈਆ ਹੈ ਈ ਫਸਾਦ ਦੀ ਜੜ੍ਹ। ਲੈਣ ਲੱਗੇ ਲੇਲ੍ਹੜੀਆਂ ਕੱਢਦੀ ਸੀ, ਹੁਣ ਤਾਰਨ

ਜਦ ਵੇਲਾ ਆਇਆ ਤਾਂ ਤੂੰ ਕੌਣ ਤੇ ਮੈਂ ਕੌਣ ? ਮੈਂ ਆਖਿਆ, ਹਿਸਾਬ ਕਰ ਜਾ, ਮੈਨੂੰ ਆਖਦੀ ਆ 'ਕਿਹੜਾ ਹਿਸਾਬ ?'

ਨੱਥੀ — ਨੀ ਕੇਸਰੋ, ਵੱਡੇ ਵਾਲੀ ਇਸਦਾ ਹਿਸਾਬ ਮੁਕਾਇਆ ਹੋਊ, ਪਰ ਇਹ ਸਿਆਪਾ ਮੁਕਦਾ ਈ ਨਹੀਂ। ਕੇਸਰੋ, ਤੂੰ ਮੇਰੀ ਗੱਲ ਸੁਣ ਤੇ ਮੈਨੂੰ ਦਸ ਮੈਂ ਕੀ ਕਰਾਂ। ਮੈਂ ਕਿਹੜੇ ਖੂਹ ਡਿੱਗਾਂ ?

ਕੇਸਰੋ — ਨੀ ਤੂੰ ਇਸ ਤੋਂ ਕੋਈ ਲਕੀਰ ਪਰਚਾ ਨਹੀਂ ਸੀ ਲੀਤਾ ?

ਨੱਥੀ — ਇਕ ਕੱਲੀ ਸੀ ਕਾਗਤੀ ਸਹੀ, ਪਤਾ ਨਹੀਂ ਇਸ ਕੀ ਲਿਖਿਆ ਸੀ। ਬਸ ਇਹੋ ਆਖਦਾ ਸੀ ਪਈ ਹੁਣ ਲੈਣਾ ਦੇਣਾ ਮੁਕਿਆ। ਪਰ ਮੁੱਕੇ ਤੇ ਤਾਂ ਜੇ ਇਹ ਪਿੱਛਾ ਛਡੇ।

ਗਰੀਬੂ ਸ਼ਾਹ — ਕੇਸਰੋ ਇਸ ਵਿਚ ਕੀ ਕਸੂਰ ? ਐਵੇਂ ਫੈਇਆਂ ਦੇ ਭੇਸ ਵਿਚ ਆ ਕੇ ਇਸ ਕੀ ਲੈਣਾ ਏ ? ਹਾਂ, ਤੈਨੂੰ ਮੈਂ ਦੱਸ ਦਊਂ ਪਤਾ— ਸ਼ਾਹੂਕਾਰ ਦੇ ਘਰ ਦੇਰ ਐ, ਪਰ ਹਨੇਰ ਨਹੀਂ।

ਨੱਥੀ — ਹਨੇਰ ਸਾਈਂ ਦਾ। ਦੂਣੇ ਤੀਣੇ ਲੈ ਕੇ ਪਿੰਡ ਉੱਤੇ ਹੱਥ ਫੇਰ ਕੇ, ਫਿਰ ਵੀ ਆਖੀ ਜਾਂਦਾ ਏ, 'ਹੋਰ ਲਿਆਓ, ਹੋਰ ਲਿਆਓ।' ਹਾਏ ਵੈਰੀ !

ਗਰੀਬੂ ਸ਼ਾਹ — ਜਾਹ, ਜਾ ਸੱਦ ਲਿਆ ਆਪਣੀ ਬੁੱਢੀ ਨੂੰ। ਉਸਦਾ ਗੂਠਾ ਵੀ ਮੇਰੇ ਕੋਲ ਐ। ਆਹ ਦੇਖ, ਦੋਹਾਂ ਕੱਠੀਆਂ ਜੜਿਆ ਸੀ। ਜਾ। ਜਾ ਕੇ ਸੱਦ ਲਿਆ ਉਸ ਨੂੰ।

ਨੱਥੀ ਦੁ-ਦਹਾਈ ਪਾਉਂਦੀ ਜਾਂਦੀ ਹੈ।

ਕੇਸਰੋ — ਗਰੀਬੂ ਸ਼ਾਹ, ਤੇਰੇ ਲਈ ਇਹ ਗੱਲਾਂ ਠੀਕ ਨਹੀਂ, ਤੂੰ — ਹੁਣ ਸਾਰੇ ਪਿੰਡ ਨੂੰ ਜੋਕ ਵਾਂਗ ਚੰਬੜਿਆ ਹੋਇਆ ਏਂ।

ਗਰੀਬੂ ਸ਼ਾਹ — ਤੂੰ ਵਿਚੋਂ ਕੀ ਲੈਣਾ ਏਂ ਕੇਸਰੋ, ਤੈਨੂੰ ਕਿਹੜਾ ਕਿਸੇ ਗੱਲ ਦਾ ਪਤਾ ਏ।

ਕੇਸਰੋ — ਮੈਨੂੰ ਪਤਾ ਏ। ਮੈਂ ਸਭ ਕੁਝ ਦੇਖ ਰਹੀ ਆਂ।

ਕੇਸਰੋ ਗਰੀਬੂ ਸ਼ਾਹ ਉੱਤੇ ਕੜੀ ਨਜ਼ਰ ਸੁਟ ਕੇ ਆਪਣੇ ਘਰ ਅੰਦਰ ਜਾਂਦੀ ਹੈ ਤੇ ਅੰਦਰੋਂ ਸੀਣ ਪਰੋਣ ਵਾਲੇ ਕਪੜੇ, ਤੇ ਮਸ਼ੀਨ ਲੈ ਕੇ ਥੜੇ ਉੱਤੇ ਆ ਬੈਠਦੀ ਹੈ। ਉਹ ਟੋਕਣੀ ਉੱਤੇ ਸੀਤੇ ਹੋਏ ਝੱਗੇ ਤੇ ਤੰਬੀਆਂ ਟੰਗ ਦੇਂਦੀ ਹੈ ਤੇ ਮਸ਼ੀਨ ਚਲਾ ਕੇ ਕਪੜੇ ਸੀਣ ਲਗਦੀ ਹੈ।



ਗਰੀਬੂ ਸ਼ਾਹ ਹੱਟੀ ਉੱਤੇ ਬੈਠਾ ਹੈ। ਅਤਰੀ ਨੱਥੀ ਦਾ ਰੌਲਾ ਸੁਣ ਕੇ ਆਪਣੇ ਘਰ ਦੇ ਅੰਦਰੋਂ ਨਿਕਲ ਕੇ ਹੱਟੀ ਉੱਤੇ ਆ ਬੈਠਦੀ ਹੈ।

ਕੁਝ ਚਿਰ ਪਿਛੋਂ ਲੱਖਾ ਜੁਲਾਹੇ ਦੇ ਭੇਸ ਵਿਚ ਆਉਂਦਾ ਹੈ। ਪਤਲੀ ਬੱਕਰ ਦਾੜ੍ਹੀ। ਉਸ ਜੁਲਾਹਿਆਂ ਵਾਲੀ ਬੰਡੀ ਪਾਈ ਹੋਈ ਹੈ, ਖੁੱਚਾਂ ਤੋਂ ਉੱਚਾ ਤਹਿਮਤ, ਸਿਰ ਉੱਤੇ ਤੋਤੇ-ਰੰਗੀ ਪਗੜੀ ਤੇ ਮੋਢੇ ਉਤੇ ਪਾਨ ਵਾਲਾ ਥਾਨ। ਉਹ ਗਲੀ ਵਿਚ ਏਧਰ ਉਧਰ ਫਿਰ ਕੇ ਆਪਣੇ ਘਰ ਦੇ ਅੱਗੇ ਆ ਖੜੋਂਦਾ ਹੈ, ਕੇਸਰੋ ਨੂੰ ਮਸ਼ੀਨ ਉਤੇ ਕੰਮ ਕਰਦੀ ਨੂੰ ਤੱਕਦਾ ਹੈ ਤੇ ਫਿਰ ਸਟੇਜ ਦੇ ਇਕ ਪਾਸੇ ਆ ਕੇ ਬੈਠ ਜਾਂਦਾ ਹੈ।

ਗਰੀਬੂ ਸ਼ਾਹ ਤੇ ਅਤਰੀ ਦੋਵੇਂ ਹੱਟੀ ਉਤੇ ਬੈਠੇ ਹੋਏ ਗੱਲਾਂ ਕਰ ਰਹੇ ਹਨ। ਲੱਖਾ ਉਹਨਾਂ ਦੀਆਂ ਗੱਲਾ ਸੁਣਦਾ ਹੈ ਤੇ ਕੁਝ ਸੌਦਾ ਲੈਣ ਲਈ ਹੱਟੀ ਵਲ ਵਧਦਾ ਹੈ।

ਅਤਰੀ — ਸਾਰੇ ਪੱਟ ਇਸ ਕੇਸਰੋ ਨੇ ਪੱਟੇ ਨੇ। ਜਦੋਂ ਦਾ ਇਹਦਾ ਮਾਲਕ ਦਫਾ ਹੋਇਐ, ਸਗੋਂ ਵਿਗੜ ਗਈ ਏ।

ਗਰੀਬੂ ਸ਼ਾਹ— ਜਦ ਆਦਮੀ ਸਿਰ ਤੇ ਨਾ ਰਹੇ ਤਾਂ ਤੀਵੀਂ ਨੇ ਚੌੜ ਤਾਂ ਹੋਣਾ ਹੀ ਹੋਇਆ।

ਅਤਰੀ — ਮੈਂ ਤਾਂ ਸੁਣਿਐ, ਉਹ ਇਕ ਖਾਲ ਟੱਪ ਰਿਹਾ ਸੀ ਤੇ ਉਸ ਦੀ ਲੱਤ ਟੁੱਟ ਗਈ ਤੇ ਹੁਣ ਠੂਠਾ ਫੜੀ ਦਿੱਲੀ ਵਿਚ ਖੈਰ ਮੰਗਦੇ ਫਿਰਦੇ।

ਗਰੀਬੂ ਸ਼ਾਹ — ਹੋਰ ਮੰਗ ਪਿੰਨ ਕੇ ਹੀ ਖਾਣਾ ਹੋਇਆ। ਉਸ ਸਾਰੀ ਉਮਰ ਫੌਜ ਵਿਚ ਵੀ ਤੇ ਮੁਖਤ ਦੀਆਂ ਹੀ ਤੋੜੀਆਂ ਸਨ।

ਅਤਰੀ — ਹੱਡ ਹਰਾਮ ਸੀ।

ਗਰੀਬੂ ਸ਼ਾਹ — ਇਹ ਕੇਸਰੋ ਬੜੀ ਖਚਰੀ ਐ। ਖਚਰੀ ਜਨਾਨੀ ਤੋਂ ਹਰ ਕੋਈ ਡਰਦੇ।

ਅਤਰੀ — ਐਵੇਂ ਲੋਕਾਂ ਇਹਨੂੰ ਸਿਰ ਚੜ੍ਹਾ ਰਖਿਐ। ਕੀ ਏ ਉਸ ਵਿਚ ?

ਗਰੀਬੂ ਸ਼ਾਹ — ਪਹਿਲਾਂ ਜਦੋਂ ਇਹ ਮੇਥੋਂ ਚਿੱਠੀਆਂ ਪੜ੍ਹਾਉਣ ਆਉਂਦੀ ਸੀ ਤਾਂ ਇਸ ਦੇ ਮੂੰਹ ਵਿਚ ਜੀਭ ਵੀ ਨਹੀਂ ਸੀ ਹੁੰਦੀ। ਹੁਣ ਲੋਕਾਂ ਨੂੰ

ਇਸ਼ਕਰ ਦੇਂਦੀ ਐ-! ਗੁਆਂਢੀਆਂ ਨੂੰ ਇਕੱਠਿਆਂ ਕਰ ਸੌ ਸੌ ਗੱਲਾਂ ਕਰਦੀ ਐ, ਕਿਸੇ ਦਾ ਝਗੜਾ ਰਗੜਾ ਹੋਵੇ ਤਾਂ ਨਿਆਂ ਕਰਨ ਬੈਠਦੀ ਐ। ਆਪਣੀ ਸਾਰੀ ਪਤਤ ਮਾਰ ਦਿਤੀ ਇਸ।

ਅਤਰੀ — ਏਸ ਦਾ ਮਾਲਕ ਤਾਂ ਨਿਰਾ ਘੁੱਗੂ ਸੀ। ਮੈਂ ਉਸ ਨੂੰ ਇਕ ਦੋ ਵਾਰੀ ਰੂੜੇ ਮਗਰ ਭਕਾਇਆ, ਬੱਸ ਰੁੱਸੋ ਨੂੰ ਮਾਰਨ ਨੂੰ ਪਿਆ। ਨਿਰਾ ਲਾਈ-ਲੱਗ ਸੀ। ਜੇ ਮੈਂ ਇਕ ਅੱਧ ਵਾਰ ਉਸ ਦਾ ਕੰਨ ਹੋਰ ਮਰੋੜਦੀ ਤਾਂ ਸ਼ੋਦ ਰੂੜੇ ਨੂੰ ਕੰਨੇ ਈ ਲਾ ਜਾਂਦਾ, ਤੇ ਕੇਸਰੋ ਨੂੰ ਵੀ ਗੰਡਾਸੇ ਨਾਲ ਵੱਢ ਦੇਂਦਾ।

ਗਰੀਬੂ ਸ਼ਾਹ — ਤੇ ਫੇਰ ਆਪ ਫਾਂਸੀ ਲੱਗ ਜਾਂਦਾ! ਜੱਟ ਦਾ ਤਾਂ ਸਿੱਧਾ ਲੇਖਾ ਐ। (ਲੱਖੇ ਵਲ ਤੱਕ ਕੇ) ਭਾਈ ਤੂੰ ਕੀ ਲੈਣਾ ਐ?

ਲੱਖਾ — ਮੂੰਗਰਲੀਆਂ।

ਗਰੀਬੂ ਸ਼ਾਹ — ਮੂੰਗਫਲੀਆਂ?

ਲੱਖਾ — ਨਹੀਂ, ਨਹੀਂ, ਰਿਉੜੀਆਂ?

ਗਰੀਬੂ ਸ਼ਾਹ — ਇਕ ਵਾਰ ਫੇਰ ਸੋਚ ਲੈ।

ਲੱਖਾ — ਹਾਂ, ਰਿਉੜੀਆਂ।

ਗਰੀਬੂ ਸ਼ਾਹ — ਕਿੰਨੇ ਦੀਆਂ?

ਲੱਖਾ — ਆਨੇ ਦੀਆਂ।

ਗਰੀਬੂ ਸ਼ਾਹ — (ਤੋਲਦਾ ਹੋਇਆ) ਰਤਾ ਪਰਾਂ ਹੋ ਕੇ ਖਲੋ।

ਅਤਰੀ — ਪਤਾ ਨਹੀਂ, ਉਹ ਕਿਧਰ ਮਰ ਖਪ ਗਿਆ। ਉਸ ਦੀ ਕੋਈ ਖਬਰ ਵੀ ਤੇ ਨਹੀਂ।

ਗਰੀਬੂ ਸ਼ਾਹ — ਧੱਕੇ ਖਾਂਦਾ ਫਿਰਦਾ ਹੋਊ (ਰਿਉੜੀਆਂ ਤੋਲ ਕੇ ਲੱਖੇ ਨੂੰ ਦੇਂਦੇ ਹੋਏ) ਲੈ ਫੜ ਰਿਓੜੀਆਂ, ਕਰ ਪੱਲਾ।

ਲੱਖਾ ਰਿਓੜੀਆਂ ਪੱਲੇ ਵਿਚ ਪੁਆ ਕੇ ਇਕ ਇਕ ਚਬਦਾ ਹੋਇਆ ਸਟੇਜ ਦੇ ਏਧਰ ਓਧਰ ਫਿਰਦਾ ਹੈ। ਆਪਣੇ ਆਲੇ ਦੁਆਲੇ ਨੂੰ ਗਹੁ ਨਾਲ ਤੱਕਦਾ ਹੈ ਤੇ ਗਲੀ ਵਿਚ ਸੱਜੇ ਪਾਸੇ ਚਲਾ ਜਾਂਦਾ ਹੈ।

ਗਰੀਬੂ ਸ਼ਾਹ — ਉਹ ਰੁਲਦੂ ਕਿਧਰ ਐ ਭੂਤਨੀ ਦਾ?

ਅਤਰੀ — ਮੈਨੂੰ ਕੀ ਪਤਾ?

ਗਰੀਬੂ ਸ਼ਾਹ — ਜਦ ਵੇਖੋ, ਖੁੱਤੀ ਉਤੇ ਜਾਂ ਗੀਠੇ ਖੇਡਦਾ ਐ ਜਾਂ ਤੇਰੀ ਕੁਛੜ



ਵੜਿਐ ਰਹਿੰਦੈ। (ਹਾਕ ਮਾਰ ਕੇ) ਓਏ ਰੁਲਦੂ! ਰੁਲਦੂ ਓਏ! ਅਖੇ ਜੰਮਿਆ ਲਾਲ ਤੇ ਵੰਡੇ ਸੀ ਕੱਲੇ, ਅੱਧੇ ਖਾ ਲਏ ਤੇ ਅੱਧੇ ਲਕੋ ਲਏ। ਸਾਂਵਾਂ ਤੇਰੇ ਤੇ ਗਿਆ ਏ।

ਅਤਰੀ ਇਕ ਰਿਓੜੀ ਚੁਕ ਕੇ ਸਹਿਜ ਸੁਭਾਓ ਮੂੰਹ ਵਿਚ ਪਾ ਲੈਂਦੀ ਹੈ।

ਗਰੀਬੂ ਸ਼ਾਹ ਉਸ ਨੂੰ ਘੂਰ ਕੇ ਤੱਕਦਾ ਹੈ।

ਅਤਰੀ — ਕੀ ਦੇਖਦੇਂ? ਇਕੋ ਖਾਧੀ ਐ ਨਾ।

ਗਰੀਬੂ ਸ਼ਾਹ — ਤੁਸੀਂ ਮਾਂ ਪੁੱਤ ਦੋਵੇਂ ਇਕੋ ਜਿਹੇ ਓ। ਤੂੰ ਬੈਠਦੀ ਐਂ ਤਾਂ ਰਿਉੜੀਆਂ ਨੂੰ ਉੜਦੂ ਲਾ ਦੇਣੀ ਐਂ। ਤੇ ਜੇ ਉਹ ਚੌੜ ਚਾਨਣ ਘੜੀ ਬਿੰਦ ਬੈਠਦੈ, ਤਾਂ ਮੂੰਗਫਲੀਆਂ ਦਾ ਛਾਬਾ ਮੁਕਾ ਦੇਂਦਾ ਐ।

ਅਤਰੀ — ਚੰਗਾ, ਜਾਨੀ ਆਂ। ਜਾ ਕੇ ਕੁਸ਼ ਘਰ ਦਾ ਕੰਮ ਸੁਆਰਾਂ। ਏਥੇ ਬੈਠੀ ਰਹੀ ਤਾਂ ਹੋਰ ਤੇਰੇ ਛੰਦ ਸੁਣੂੰਗੀ।

ਅਤਰੀ ਉਠ ਕੇ ਘਰ ਅੰਦਰ ਚਲੀ ਜਾਂਦੀ ਨੂੰ।

ਗਰੀਬੂ ਸ਼ਾਹ ਫਿਰ ਹਾਕ ਮਾਰਦਾ ਹੈ।

ਓਏ ਰਲਦੂ!
ਓਏ ਰੁਲਦੂ!

ਰੁਲਦੂ ਤਾਰ ਦਾ ਚੱਕਰ ਘੁੰਮਾਉਦਾ ਹੋਇਆ ਆਉਂਦਾ ਹੈ।

ਉਏ ਇਹ ਕੀ ਮਾਂ ਵਾਲਾ ਚੱਕਰ ਘੁਮਾਉਂਦਾ ਫਿਰਦੈਂ। ਛੱਡ ਇਸ ਨੂੰ! ਬੈਠ ਏਥੇ।

ਚੱਕਰ ਖੋਹ ਕੇ ਉਹ ਇਕ ਪਾਸੇ ਰਖ ਦੇਂਦਾ ਹੈ। ਤੇ ਵਹੀ ਚੁਕ ਕੇ ਗਲੀ ਵਲ ਜਾਂਦਾ ਹੈ।

ਰੁਲਦੂ ਹੱਟੀ ਉਤੇ ਬੈਠ ਜਾਂਦਾ ਹੈ।

ਗਰੀਬੂ ਸ਼ਾਹ ਦੇ ਜਾਣ ਪਿਛੋਂ ਉਹ ਆਪਣੇ ਲਾਲੇ ਦੀ ਰੀਸੀਂ ਹੁੱਕੇ ਦਾ ਇਕ ਘੁਟ ਭਰਦਾ ਹੈ ਤੇ ਹੱਟੀ ਸੁੰਞੀ ਛੱਡ ਕੇ ਲੋਹੇ ਦੀ ਤਾਰ ਦਾ ਚੱਕਰ ਘੁਮਾਉਂਦਾ ਹੋਇਆ ਗਲੀ ਵਿਚ ਦੌੜ ਜਾਂਦਾ ਹੈ।

ਗਿਆਨੋ ਬੇਬੀ ਆਉਂਦੀ ਹੈ ਤੇ ਆ ਕੇ ਕੇਸਰੋ ਕੋਲ ਥੜ੍ਹੇ ਉਤੇ ਬੈਠ ਜਾਂਦੀ ਹੈ।

ਕੇਸਰੋ — (ਮਸ਼ੀਨ ਠਲ੍ਹ ਕੇ) ਕਿਥੇ ਗਈ ਸੈਂ ਬੇਬੀ ? ਜੁ ਏਸ ਤਰ੍ਹਾਂ ਹਫੀ ਹੋਈ ਆਈ ਐਂ ?

ਗਿਆਨੋ — ਜਾਣਾ ਕਿੱਥੇ ਸੀ ਧੀਏ । ਸਰਕਾਰ ਡੋਂਡੀ ਪਿੱਟ ਗਈ ਸੀ, ਬੱਸ ਬੋਟ ਪਾਉਣ ਗਈ ਸਾਂ ।

ਕੇਸਰੋ — ਵੋਟ ?

ਗਿਆਨੋ — ਹਾਂ, ਬੋਟ । ਭਲਾ ਕੇਸਰੋ ਪਹਿਲਾਂ ਤਾਂ ਕਦੇ ਨਹੀਂ ਸਨ ਸੁਣੇ ਇਹ ਬੋਟਾਂ ਦੇ ਝਗੜੇ । ਹੁਣ ਤਾਂ ਸਾਰੇ ਪਿੰਡ 'ਚ ਬੋਟ ਬੋਟ ਹੁੰਦੀ ਐ । ਸਾਰਿਆਂ ਕਾਵਾਂ ਰੌਲੀ ਪਾਈ ਹੋਈ ਐ । ਕੁੜੇ ਤੂੰ ਬੋਟ ਪਾ ਆਈ ?

ਕੇਸਰੋ — ਏਸ ਗੁਆੜ ਦੀ ਤਾਂ ਕਲ ਦੀ ਬਾਰੀ ਭੁਗਤ ਚੁਕੀ । ਸਾਰੇ ਈ ਪਾਉਣ ਗਏ ਸਨ ਵੋਟ । ਗਰੀਬੂ ਸ਼ਾਹ ਵੀ ਹੱਟੀ ਬੰਦ ਕਰਕੇ ਗਿਆ ਸੀ । ਅੱਛਾ ਦੱਸ ਬੇਬੀ, ਤੂੰ ਕਿਸ ਨੂੰ ਪਾ ਆਈਂ ਵੋਟ ?

ਗਿਆਨੋ — ਜਿੱਥੇ ਸਰਕਾਰ ਨੇ ਬੱਡਾ ਤੰਬੂ ਗੱਡਿਆ ਏ, ਉਥੇ ਗਈ ਸੀ ਮੈਂ । ਕਈ ਲੋਕ ਉੱਚੇ ਥੜ੍ਹੇ ਉਤੇ ਖੜੇ ਹਾਕਾਂ ਮਾਰੀ ਜਾਂਦੇ ਸਨ — 'ਝੁੱਗੀ ਸਾਡੀ ਪਾਲਟੀ ਦੀ ਨਸ਼ਾਨੀ ਐ । ਝੁੱਗੀ ਨੂੰ ਬੋਟ ਪਾਓ ।' ਮੈਂ ਆਖਿਆ — 'ਮਨਾ ਝੁੱਗੀ ਕਿਹੜਾ ਮਾੜੀ ਐ ? ਗਾਂਧੀ ਬੀ ਝੁੱਗੀ 'ਚ ਈ ਰਹਿੰਦਾ ਸੀ ।' ਅੱਗੇ ਗਈ ਤਾਂ ਕੀ ਦੇਖਦੀ ਆਂ, ਪਈ ਲੋਕ ਹਾਕਾਂ ਮਾਰੀ ਜਾਂਦੇ ਨੇ — 'ਬੋਲਦਾਂ ਨੂੰ ਬੋਟ ਪਾਉ, ਬੋਲਦਾਂ ਨੂੰ !' ਮੈਂ ਆਖਿਆ — 'ਮਨਾਂ, ਗਊ ਦੇ ਜਾਏ ਭੁੱਖੇ ਖੜੇ ਨੇ । ਇਹਨਾਂ ਨੂੰ ਪਾ ਦੇਂਦੀ ਆਂ ਬੋਟ । ਨਾਲੇ ਝੁੱਗੀ 'ਚ ਬੰਨ੍ਹ ਆਊਂਗੀ ।' ਤੰਬੂ ਅੰਦਰ ਗਈ ਤਾਂ ਦੇਖਿਆ ਇਕ ਸਰਕਾਰੂ ਆਦਮੀ ਬੈਠਾ ਏ । ਉਸ ਨੇ ਮੈਨੂੰ ਇਕ ਪਰਚੀ ਫੜਾ ਦਿਤੀ । ਬੋਲਿਆ, 'ਬੁੱਢੀਏ ! ਜਿੱਥੇ ਮਰਜ਼ੀ ਪਾ ਦੇ ਆਪਣਾ ਬੋਟ ।' ਮੈਂ ਸੋਚਾਂ 'ਚ ਪੈ ਗਈ । ਪਰਚੀ ਇਕ ਤੇ ਬੋਲਦ ਦੋ । ਹਾਏ ਰੱਬਾ ! ਕੀ ਕਰਾਂ ? ਬਸ ਫਿਰ ਮੈਂ ਤਾਂ ਪਰਚੀ ਦੇ ਦੋ ਟੋਟੇ ਕੀਤੇ : ਇਕ ਟੋਟਾ ਏਸ ਬਲਦ ਦੇ ਮੂੰਹ 'ਚ ਪਾ ਦਿਤਾ, ਤੇ ਦੂਜਾ ਟੋਟਾ ਦੂਜੇ ਬਲਦ ਦੇ ਮੂੰਹ 'ਚ ।

ਕੇਸਰੋ — (ਹੱਸ ਕੇ) ਬੇਬੀ, ਇਹ ਪਰਚੀ ਤਾਂ ਇਸ ਲਈ ਸੀ ਪਈ ਤੈਨੂੰ ਪੁੱਛਦੇ ਸਨ ਤੂੰ ਕਿਸ ਦਾ ਰਾਜ ਚਾਹੁਨੀ ਐਂ ?

ਗਿਆਨੋ — ਕਿਸੇ ਦਾ ਵੀ ਨਹੀਂ ।

ਕੇਸਰੋ — ਫਿਰ ਵੀ ਛੇਕੜ ਕਿਸੇ ਨੂੰ ਤਾਂ ਤੂੰ ਆਪਣਾ ਰਾਜਾ ਮੰਨੇਂਗੀ ਨਾ ?

ਗਿਆਨੋ — ਆਪਣੇ ਦਿਲ ਨੂੰ ਰਾਜਾ ਮੰਨਦੀ ਆਂ । ਜੇ ਰਾਜ ਈ ਹੋਣਾ ਏ



ਤਾਂ ਕਿਸੇ ਬਗਾਨੇ ਦਾ ਕਿਉਂ ਹੋਵੇ ।

ਕੇਸਰੋ — ਬੇਬੀ, ਤੂੰ ਤਾਂ ਆਪਣਾ ਵੋਟ ਈ ਖ਼ਰਾਬ ਕਰ ਆਈ ।

ਗਿਆਨੋ -- ਕਿਵੇਂ ?

ਕੇਸਰੋ — ਤੂੰ ਪਰਚੀ ਜੁ ਪਾੜ ਦਿਤੀ ।

ਗਿਆਨੋ — ਹੋਰ ਕੀ ਕਰਦੀ ਧੀਏ ? ਮੈਂ ਕਿਹੜੀ ਤੇਰੇ ਵਾਂਗ ਪੜ੍ਹੀ ਲਿਖੀ ਆਂ । ਤੈਨੂੰ ਤਾਂ ਸਾਰਾ ਥੋਹ ਐ । ਸਾਰੀਆਂ ਗੱਲਾਂ ਦੇ ਅੰਤਰੇ ਲੈਨੀ ਐਂ । ਖੋਟੇ ਖਰੇ ਦੀ ਪੂਰੀ ਪਛਾਣ ਰੱਖਦੀ ਐਂ । ਮੈਨੂੰ ਬੁੱਢੀ ਠੇਰੀ ਨੂੰ ਕੀ ਪਤਾ ?

ਕੇਸਰੋ — (ਸੋਚਾਂ ਵਿਚ) ਪਰ ਬੇਬੀ, ਏਸ ਪੜ੍ਹਾਈ ਦਾ ਉਸ ਉਤੇ ਤਾਂ ਕੋਈ ਅਸਰ ਨਾ ਹੋਇਆ । ਉਸ ਤਾਂ ਕੋਈ ਕਦਰ ਨਾ ਪਾਈ ।

ਗਿਆਨੋ — ਨੀ ਬਾਂਦਰ ਨੂੰ ਕੀ ਪਤਾ ਲੈਚੀ ਦਾ ਸੁਆਦ ? ਦੂਜਿਆਂ ਦੀ ਚੁੱਕ ਵਿਚ ਆ ਗਿਆ । ਇਹ ਗਰੀਬੂ ਸ਼ਾਹ ਐ ਨਾ, ਝੂਠਾਂ ਦੀ ਪੰਡ, ਤੇ ਏਸ ਦੀ ਤੀਵੀਂ ਅਤਰੀ । ਰੱਬ ਬਚਾਏ ਏਸ ਜਨਾਨੀ ਤੋਂ ! ਖੰਭਾਂ ਦੀਆਂ ਡਾਰਾਂ ਬਣਾਉਂਦੀ ਐ । ਤੇ ਲੱਖਾ ਸੀ ਲਾਈ-ਲੱਗ ! ਜੇ ਕਿਤੇ ਜਾਣ ਤੋਂ ਪਹਿਲਾਂ ਮੈਨੂੰ ਮਿਲ ਜਾਂਦਾ ਮੈਂ ਤਾਂ ਕਦੇ ਨਾ ਜਾਣ ਦੇਂਦੀ ਏਸ ਤਰ੍ਹਾਂ ।

ਕੇਸਰੋ — ਹਾਂ, ਤੇਰੀ ਗੱਲ ਤਾਂ ਮੰਨਦਾ ਸੀ । ਪਰ ਆਦਮੀ ਦੀ ਜਾਤ ਹੁੰਦੀ ਈ ਇਹੋ ਜਿਹੀ ਐ । ਜਾਂ ਤਾਂ ਰਤਾ ਕੁ ਗੱਲ ਉਤੇ ਰੱਟਾ ਪਾ ਕੇ ਬੈਠ ਜਾਊ, ਤੇ ਜੇ ਨਾ ਬੋਲੇ ਤਾਂ ਭਾਵੇਂ ਗੱਡਾ ਉਸ ਉਤੋਂ ਦੀ ਲੰਘ ਜਾਏ, ਕੁਸਕਦਾ ਨਹੀਂ ।

ਗਿਆਨੋ — ਫੇਰ, ਪਤਾ ਲੱਗਿਆ ਕੁਝ ਉਸ ਦਾ ?

ਕੇਸਰੋ — ਕੀ ਲੱਗਣਾ ਸੀ ।

ਗਿਆਨੋ — ਕੀ ਕਮਲ ਘੋਟਿਆ ਉਸ ਨੇ । ਭਲਾ ਜੇ ਕਿਸੇ ਖੂਹ ਖਾਤੇ 'ਚ ਡਿਗਣਾ ਸੀ ਤਾਂ ਮੈਨੂੰ ਦੱਸ ਕੇ ਤਾਂ ਡਿਗਦਾ । ਸਾਲ ਹੋ ਗਿਆ ਹੋਣਾ ਏ ?

ਕੇਸਰੋ — ਹਾਂ, ਪੂਰਾ ਸਾਲ ।

ਗਿਆਨੋ — ਜੋ ਮਰਦ ਤੇਰੇ ਵਰਗੀ ਸਿਆਣੀ ਸੋਥੀ ਨੂੰ ਘਰ ਛੱਡ ਕੇ ਤੁਰ ਜਾਏ, ਖੋਟੇ ਉਸ ਦੇ ਭਾਗ ।

ਕੇਸਰੋ — ਉਹ ਚਲਿਆ ਗਿਆ, ਉਸ ਦੀ ਮਰਜੀ । ਪਹਿਲਾਂ ਤਾਂ ਮੈਂ ਸੋਚਿਆ 'ਪਈ ਮਨਾ ! ਜੇ ਉਹ ਮੇਰੇ ਕੰਮ ਉਤੇ ਗੁੱਸੇ ਹੁੰਦਾ ਐ ਤਾਂ ਫਿੱਟੇ ਮੂੰਹ ਅਜਿਹੀ ਪੜ੍ਹਾਈ ਦਾ ।' ਪਰ ਫੇਰ ਮੈਂ ਆਖਿਆ, 'ਨਹੀਂ', ਜੇ ਮੈਂ ਠੀਕ ਆਂ ਤਾਂ ਉਹ ਆਪੇ ਠੀਕ ਹੋ ਜਾਊ । ਕੁਰਾਹ ਤੋਂ ਰਾਹ ਉਤੇ

ਤਾਂ ਭੈੜਾ ਆਖੇ, ਪਰ ਸਾਰੇ ਤੋਂ ਝੁਰਾਹੇ ਕਿਉਂ ਪਏ ?' ਬਸ ਇਹੋ ਸੋਚ ਕੇ ਮੈਂ ਕੰਮ 'ਚ ਲੱਗੀ ਰਹੀ । ਨਾਲੇ ਇਹ ਧੰਦਾ ਆਉਂਦਾ ਸੀ ਤਾਂ ਆਸਰਾ ਬਣਿਆ ਰਿਹਾ, ਨਹੀਂ ਤਾਂ ਹੁਣ ਨੂੰ ਟੁਕੜੇ ਈ ਮੰਗਦੀ ਹੋਣਾ ਸੀ । ਜੇ ਹੱਥ ਦੀ ਇਹ ਕਾਰ ਨਾ ਆਉਂਦੀ ਤਾਂ ਭਲਾ ਮੇਰੀ ਪੱਤ ਰਹਿ ਜਾਂਦੀ ਇਸ ਪਿੰਡ 'ਚ ? ਤੂੰ ਈ ਦੱਸ ।

ਗਿਆਨੋ — ਤੂੰ ਕੱਪੜੇ ਸੀਣ ਲੱਗੀ ਐਂ ਤਾਂ ਚੰਗਾ ਈ ਕੀਤਾ — ਸਾਨੂੰ ਵੀ ਸੌਖ ਹੋ ਗਈ । ਨਹੀਂ ਤਾਂ ਉਹ ਚੰਦਰਾ ਭਜਨਾ ਕੱਪੜੇ ਕੀ ਸਿਉਂਦਾ ਸੀ, ਜਿਵੇਂ ਅਗਲੇ ਦੀ ਲਹਾ ਲੈਂਦਾ ਸੀ । ਨਿਆਣਾ ਕੱਪੜਿਆਂ ਬਾਝੋਂ ਫਿਰਦਾ ਐ, ਉਪਰੋਂ ਸਿਆਲ ਉਤਰ ਆਇਆ । ਕਦ ਤੀਕ ਤਿਆਰ ਕਰ ਦਏਂਗੀ ਝੱਗਾ ?

ਕੇਸਰੋ — ਕੱਲ੍ਹ ਨੂੰ ਲੈ ਜਾਵੀਂ ।

ਗਿਆਨੋ — ਚੰਗਾ, ਜਿਊਂਦੀ ਰਵ੍ਹੇਂ । ਮੈਂ ਜਾਨੀ ਆਂ ਘਰ, ਤੜਕੇ ਦੀ ਨਿਕਲੀ ਹੋਈ ਆਂ । ਬਸ ਕਦੇ ਏਸ ਕੋਲੇ, ਕਦੇ ਓਸ ਕੋਲੇ, ਘਰ ਨੱਥੀ ਉਡੀਕਦੀ ਹੋਊ ।

ਕੇਸਰੋ — ਨੱਥੀ ਆਈ ਤਾਂ ਸੀ ਏਧਰ, ਗਰੀਬੂ ਸ਼ਾਹ ਉਸ ਨੂੰ ਘੇਰੀ ਖੜਾ ਸੀ ।

ਗਿਆਨੋ — ਕਿਉਂ ?

ਕੇਸਰੋ — ਕੁਝ ਲੈਣੇ ਦੇਣੇ ਦਾ ਕਜ਼ੀਆ ਕਰੀ ਬੈਠਾ ਸੀ ।

ਗਿਆਨੋ — ਮੇਰੇ ਜਾਣੇ ਤਾਂ ਅਸੀਂ ਉਸ ਦੀ ਕੌਡੀ ਕੌਡੀ ਚੁਕਾ ਦਿਤੀ ਐ ।

ਕੇਸਰੋ — ਨੱਥੀ ਨੂੰ ਉਸ ਘਰ ਦਬੱਠਿਆ । ਬਸ ਏਥੋਂ ਬੂ ਦਹਾਈ ਪੌਂਦੀ ਘਰ ਨੂੰ ਗਈ ਐ ।

ਗਿਆਨੋ — ਮੈਨੂੰ ਹਾਲੇ ਤੀਕ ਸੁਣੀ ਨਹੀਂ । ਮੈਂ ਤੰਬੂਆਂ 'ਚ ਬੱਟ ਪੋਣ ਚਲੀ ਗਈ ਸੀ । ਜਾਨੀ ਆਂ ਘਰ, ਤੇ ਜਾ ਕੇ ਪੁੱਛਦੀ ਆਂ ਕੀ ਗੱਲ ਐ । ਨਿੱਤ ਕੋਈ ਨਾ ਕੋਈ ਝਗੜਾ ਹੋਇਆ ਈ ਰਹਿੰਦਾ ਐ । ਕੋਈ ਉਲਟੀ ਸਿੱਧੀ ਗੱਲ ਹੋਈ ਤਾਂ ਅਸੀਂ ਤਾਂ ਤੇਰੇ ਕੋਲ ਈ ਆਉਣਾ ਐ । ਚੱਲਾਂ ਹੁਣ ! (ਉਠਦੀ ਹੋਈ) ਉਹ ਤਾਂ ਇਹੋ ਜਿਹੀ ਐ ਪਈ ਜੇ ਰਤਾ ਹੋਰ ਚਿਰ ਘਰ ਨਾ ਪੁੱਜੀ ਤਾਂ ਉਸ ਨੂੰਹ ਏਥੇ ਆ ਜਾਣਾ ਏ । ਕੱਲ੍ਹ ਆਖਦੀ ਸੀ, 'ਬੇਬੀ, ਕੇਸਰੋ ਕੋਲੋਂ ਮੈਂ ਵੀ ਕੁਝ ਸਿਖ ਲਵਾਂ, ਕੱਟਣਾ ਸੀਣਾ — ਹੋਰ ਨਹੀਂ ਤਾਂ ਘਰ ਦਾ ਕੱਪੜਾ-ਲੀੜਾ ਈ ਸੀ ਲਿਆ ਕਰਾਂਗੀ ।' ਮੈਂ ਆਖਿਆ, 'ਕੇਸਰੋ ਨੇ ਕਿਹੜਾ ਤੈਨੂੰ ਨਾਂਹ ਕਰਨੀ ਐਂ ।'



ਕੇਸਰੋ — ਸੋ ਵਾਰੀ, ਮੈਂ ਉਸ ਨੂੰ ਸਖਾ ਦਵਾਂਗੀ । ਸਗੋਂ ਮੇਰਾ ਵੀ ਜੀ ਲੱਗਿਆ ਰਹੂ ।

> ਗਿਆਨੋ ਚਲੀ ਜਾਂਦੀ ਹੈ । ਕੇਸਰੋ ਛੇਤੀ ਛੇਤੀ ਮਸ਼ੀਨ ਚਲਾਉਂਦੀ ਹੈ । ਲੱਖਾ ਗਲੀ ਵਿਚੋਂ ਘੁੰਮਦਾ ਹੋਇਆ, ਕੇਸਰੋ ਕੋਲ ਆ ਖੜੋ ਜਾਂਦਾ ਹੈ ।

> ਉਸ ਨੇ ਬਹਿਰੂਪ ਧਾਰਿਆ ਹੋਇਆ ਹੈ — ਲੰਮੀ ਬਕਰਾ-ਦਾੜ੍ਹੀ, ਨਕਲੀ ਮੁੱਛਾਂ, ਤੇ ਤੋਤੇ ਵਰਗਾ ਨਕਲੀ ਨੱਕ ।

ਕੇਸਰੋ — (ਲੱਖੇ ਵਲ ਘੂਰ ਕੇ) ਤੂੰ ਕੀ ਲੈਣਾ ਏ ਜੁ ਪਹਿਰ ਦਾ ਗੇੜੇ ਮਾਰੀ ਜਾਨਾ ਐਂ ?

ਲੱਖਾ — ਕੁਝ ਨਹੀਂ ।

ਕੇਸਰੋ — ਫਿਰ ਏਥੇ ਕੀ ਕਰਦਾ ਐਂ ? ਜਾ ਆਪਣਾ ਰਾਹ ਫੜ ।

ਲੱਖਾ — ਜਾਨਾ ਆਂ ।

ਕੇਸਰੋ — ਭਾਈ ਜੇ ਤੇਰਾ ਏਥੇ ਕੰਮ ਈ ਕੋਈ ਨਹੀਂ ਤਾਂ ਤੂੰ ਕੀ ਕਰਦਾ ਏਂ, ਕਦੇ ਏਧਰ ਕਦੇ ਉਧਰ ?

ਲੱਖਾ — ਮੈਂ ਕੋਈ ਭਾਈ ਸ਼ਾਈ ਨਹੀਂ, ਮੈਂ ਤਾਂ ਲਾਗਲੇ ਪਿੰਡ ਦਾ ਜੁਲਾਹਾ ਆਂ ।

ਕੇਸਰੋ — ਲਾਗਲੇ ਪਿੰਡੋਂ ਤਾਂ ਮਿੱਤ੍ਰ ਜੁਲਾਹਾ ਆਇਆ ਕਰਦਾ ਏ ।

ਲੱਖਾ — ਮੈਂ ਉਸ ਦੇ ਮਾਮੇ ਦਾ ਪੁੱਤ ਆਂ ।

ਕੇਸਰੋ — ਉਸ ਦਾ ਤਾਂ ਖਿੱਲਾਂ ਵਰਗਾ ਚਿੱਟਾ ਖੱਦਰ ਹੁੰਦਾ ਐ, ਇਹ ਤੇਰਾ ਚੂਹੇ ਰੰਗਾ ਖੱਦਰ ਕਿਸ ਕੰਮ ਦਾ ? ਕੌਣ ਲਊਗਾ ਏਸ ਨੂੰ ?

ਲੱਖਾ — ਮੈਂ ਵੇਚਣਾ ਨਹੀਂ ।

ਕੇਸਰੋ — ਵੇਚਣਾ ਨਹੀਂ ਤਾਂ ਕੀ ਕਰੇਂਗਾ ਏਸ ਥਾਨ ਦਾ ?

ਲੱਖਾ — ਝੱਗਾ ਸੁਆਉਣਾ ਏ, ਤੂੰ ਸੀ ਦਏਂਗੀ ਝੱਗਾ ?

ਕੇਸਰੋ — ਏਥੇ ਛੱਡ ਜਾ, ਸੀ ਦਊਂਗੀ ।

ਲੱਖਾ — ਕਿੰਨੇ ਪੈਸੇ ਲਏਂਗੀ ?

ਕੇਸਰੋ — ਅੱਠ ਆਨੇ ।

ਲੱਖਾ — ਅੱਠ ਆਨੇ ?...ਠੀਕ ਠੀਕ ! ਅੱਠ ਆਨੇ । ਮੈ ਸੋਚ ਲਵਾਂ । ਅੱਠ

ਆਨੇ ਤਾਂ ਬਹੁਤੇ ਨੇ ।

ਕੇਸਰੋ — ਮੈਂ ਬਹੁਤੀਆਂ ਗੱਲਾਂ ਨਹੀ ਕਰਦੀ, ਬਸ ਇਕੋ ਗੱਲ ਕਰਦੀ ਹੁੰਨੀ ਆਂ ।

ਲੱਖਾ — ਇਕੋ ਗੱਲ ?...ਚੰਗਾ ਮੈਂ ਸੋਚ ਲਵਾਂ ।

ਕੇਸਰੋ — ਜਾਹ, ਪਰ੍ਹਾਂ ਜਾ ਕੇ ਸੋਚ ।

ਲੱਖਾ — ਕਿਉਂ ਵਿਹੜੇ ਵਿਚ ਨਾ ਖੜੋਵਾਂ ?

ਕੇਸਰੋ — (ਚੁੱਪ)

ਲੱਖਾ — ਤੂੰ ਗਾਹਕ ਨਾਲ ਗੱਲ ਵੀ ਨਹੀਂ ਕਰਦੀ ਸੁਆਰ ਕੇ ?

ਕੇਸਰੋ — (ਚੁੱਪ)

ਲੱਖਾ — (ਇਕ ਪਾਸੇ ਹੋ ਕੇ) ਸ਼ੈਤ ਅਠਿਆਨੀ ਥੋੜ੍ਹੀ ਐ । ਮੈਂ ਇਸ ਨੂੰ ਰੁਪਈਆ ਦਵਾਂਗਾ, ਡੱਬਲ ਰੁਪਈਆ, ਚਿੜੇ ਦੀ ਜੀਭ ਵਰਗਾ । (ਰੁਪਈਆ ਖੜਕਾ ਕੇ) ਠੀਕ, ਹੁਣ ਜ਼ਰੂਰ ਗੱਲ ਕਰੂਗੀ । ਵੇਖਾਂ ਤਾਂ ਸਹੀ ਕੀ ਆਖਦੀ ਐ — ਹਾਏ ! ਮੇਰੀ ਦਾੜ੍ਹੀ ਬੜੀ ਲੰਮੀ ਐ ।

ਉਸ ਦੇ ਨੇੜੇ ਜਾਂਦਾ ਹੈ ।

ਕੇਸਰੋ -- ਸੋਚ ਲਿਆ ?

ਲੱਖਾ — ਹਾਂ, ਸੋਚ ਲਿਆ ।

ਕੇਸਰੋ — ਲਿਆ ਰੱਖ ਜਾ ਖੱਦੜ, ਸੀ ਦਊਂਗੀ ।

ਲੱਖਾ — ਕਿੰਨੇ ਪੈਸੇ ਲਏਂਗੀ ?

ਕੇਸਰੋ — ਇਕ ਵਾਰ ਤੈਨੂੰ ਆਖ ਤਾਂ ਦਿੱਤਾ, ਅੱਠ ਆਨੇ ।

ਲੱਖਾ — ਅੱਠ ਆਨੇ ? ਠੀਕ, ਠੀਕ ! ਅੱਠ ਆਨੇ । (ਉਸ ਦੇ ਨੇੜੇ ਹੋ ਕੇ) ਜੇ ਤੂ ਚੰਗਾ ਝੱਗਾ ਸੀ ਦੇਵੇਂ ਜਿਹੜਾ ਮੈਂ ਮੇਲੇ 'ਚ ਪਾ ਕੇ ਜਾਵਾਂ, ਤੋਤੀਆ ਪੱਗ ਬੰਨ੍ਹ ਕੇ, ਤਾਂ ਮੈਂ ਤੈਨੂੰ ਇਕ ਰੁਪਈਆ ਵੀ ਦੇ ਦਵਾਂ ।

ਕੇਸਰੋ — ਇਕ ਰੁਪਈਆ ?

ਲੱਖਾ — ਹਾਂ ! ਜੇ ਆਖੇਂ ਤਾਂ ਇਸ ਤੋਂ ਵੀ ਵੱਧ ।

ਕੇਸਰੋ — ਤੇਰਾ ਦਮਾਗ਼ ਤਾਂ ਨਹੀਂ ਫਿਰਿਆ ਹੋਇਆ ?

ਲੱਖਾ — ਨਹੀਂ, ਮੇਰੀ ਡੱਬ 'ਚ ਪੂਰੇ ਸੌ ਰੁਪੱਈਏ ਨੇ ।

ਕੇਸਰੋ — ਮੈਂ ਤੇਰੇ ਰੁਪੱਈਆਂ ਨੂੰ ਕੀ ਫੂਕਣਾ ਏ ?

ਲੱਖਾ — ਮੈਂ ਸੁਣਿਆ ਏ ਤੇਰਾ ਮਾਲਕ...



ਕੇਸਰੋ -- ਵੇ ਕੀ ਸੁਣਿਆ ਐ ਤੂੰ ?

ਲੱਖਾ — ਬਾਂਦਰ ਨੂੰ ਕੀ ਪਤਾ ਲੈਚੀ ਦਾ ਸੁਆਦ !

ਕੇਸਰੋ — (ਗੁੱਸੇ ਭਰੀ ਹੈਰਾਨੀ ਨਾਲ ਆਪਣੇ ਆਪ ਨੂੰ) ਕਿਹੋ ਜਿਹੀਆਂ ਗੱਲਾਂ ਕਰਦੈ, ਇਹ ਜੁਲਾਹਾ !...ਮੈਂ ਇਹਨੂੰ ਚਿਰ ਦੀ ਪਈ ਵੇਖਦੀ ਆਂ— (ਉੱਚੀ ਦੇਣੀ) ਵੇ ਦਫ਼ਾ ਹੋ ਜਾ ਏਥੋਂ, ਨਹੀਂ ਤੇ ਚਖਾ ਦਊਂਗੀ ਤੈਨੂੰ ਲੈਚੀ ਦਾ ਸੁਆਦ !

ਲੱਖਾ — ਜਾਨਾ ਆਂ, ਜਾਨਾਂ ਆਂ । ਖੱਦੜ ਏਥੇ ਛੱਡ ਜਾਵਾਂ ?

ਕੇਸਰੋ — ਚੁੱਕ ਲੈ ਆਪਣਾ ਖੱਦੜ ਵੀ !

ਲੱਖਾ — ਕਿਉਂ ?

ਕੇਸਰੋ — ਮੈਂ ਨਹੀਂ ਸੀਂਦੀ ਤੇਰਾ ਝੱਗਾ । ਤੂੰ...ਤੂੰ...

ਲੱਖਾ — ਮੈਂ ਆਖਿਆ ਤਾਂ ਹੈ ਤੈਨੂੰ ਇਕ ਰੁਪੱਈਆ ਦੇ ਦਵਾਂਗਾ, ਜੇ ਵਸਾਹ ਨਹੀਂ ਤਾਂ ਭਾਵੇਂ ਨਕਦ ਲੈ ਲੈ । (ਰੁਪੱਈਆ ਖੜਕਾ ਕੇ) ਲੈ ਫੜ ।

ਕੇਸਰੋ — ਵੇ ਤੇਰੀ ਮੌਤ ਆਈ ਐ ਮੇਰੇ ਹੱਥੋਂ ? ਊਂਹ ! ਬੂਥੀ ਦੇਖ ਜਿਵੇਂ ਬਾਂਸ ਤੇ ਹਾਂਡੀ ਟੰਗੀ ਹੁੰਦੀ ਐ । ਬੇਸ਼ਰਮ ! ਤੂੰ ਮੈਨੂੰ ਕੀ ਸਮਝਦਾ ਐਂ ਵੇ ? (ਕੜਕ ਕੇ) ਤੂੰ ਏਥੋਂ ਖੁਰੀ ਕਰ ਜਾ, ਨਹੀਂ ਤਾਂ ਖੌਂਸੜੇ ਖਾ ਕੇ ਨਿਕਲੇਂਗਾ !

ਉਨ੍ਹਾਂ ਦੀਆਂ ਗੱਲਾਂ ਸੁਣ ਕੇ ਗਰੀਬੂ ਸ਼ਾਹ ਤੇ ਅਤਰੀ ਵੀ ਆ ਜਾਂਦੇ ਹਨ ।

ਗਰੀਬੂ ਸ਼ਾਹ — ਮੈਂ ਵੀ ਏਸ ਨੂੰ ਏਸੇ ਤਰ੍ਹਾਂ ਦੇਖਦਾ ਹਾਂ ਤੜਕੇ ਦਾ । ਕਿਵੇਂ ਮਿਸਕ-ਮੀਨਾ ਬਣਿਆ ਖੜਾ ਐ । ਮੈਨੂੰ ਤਾਂ ਇਹ ਚੋਰ ਲਗਦੈ । ਮੇਰੀ ਹੱਟੀ ਤੇ ਸੌਦਾ ਲੈਣ ਆਇਆ ਤਾਂ ਕਦੇ ਰਿਉੜੀਆਂ ਮੰਗਦਾ ਸੀ ਕਦੇ ਖਿੱਲਾਂ, ਕਦੇ ਮਖਾਣੇ ਤੇ ਕਦੇ ਮੂੰਗਫਲੀ । ਕੱਢੋ ਇਸ ਨੂੰ ਖੌਂਸੜੇ ਮਾਰ ਕੇ ਬਾਹਰ !

ਅਤਰੀ — ਆਖਦਾ ਐ, ਮੈਂ ਜਲਾਹਾ ਵਾਂ । ਮੈਨੂੰ ਤਾਂ ਇਹ ਕੋਈ ਗੁੰਡਾ ਲੱਗਦਾ ਐ ।

ਇਤਨੇ ਵਿਚ ਰੱਖੋ, ਨੱਥੀ ਤੇ ਗਿਆਨੋ ਆ ਜਾਂਦੀਆਂ ਹਨ । ਤਗੜਾ ਇਕੱਠ ਹੋ ਜਾਂਦਾ ਹੈ ।

ਕੇਸਰੋ — ਮੈਂ ਇਸ ਦੇ ਚਾਲਿਆਂ ਨੂੰ ਦੋ ਘੰਟਿਆਂ ਦੀ ਦੇਖ ਰਹੀ ਆਂ । ਬਸ ਏਸੇ ਤਰ੍ਹਾਂ ਨਜ਼ਰ ਟਕਾਈ, ਇਸ ਖੂੰਜੇ ਤੋਂ ਉਸ ਖੂੰਜੇ, ਤੇ ਉਸ ਖੂੰਜਿਓਂ

ਇਸ ਖੂੰਜੇ । (ਲੱਖੇ ਨੂੰ) ਤੂੰ ਬੋਲਦਾ ਕਿਉਂ ਨਹੀਂ ? ਮੂੰਹ 'ਚ ਕੀ ਇੱਟ ਅੜੀ ਹੋਈ ਐ ? ਤੇਰੇ ਵਰਗੇ ਮੈਂ ਬਥੇਰੇ ਦੇਖੇ ਨੇ, ਲਈ ਫਿਰਦਾ ਐ ਮਾਂ ਵਾਲੇ ਰੁਪੱਈਏ, ਤੇ ਗੱਲਾਂ ਕਰਨ ਆਇਆ ਏ ਮੇਰੇ ਨਾਲ ! ਮੈਂ ਤਾਂ ਅਜਿਹੇ ਰੁਪੱਈਆਂ ਤੇ ਥੁੱਕਦੀ ਵੀ ਨਹੀਂ — ਥੂਹ !

ਲੱਖਾ — ਮੈਂ ਭੁੱਲ ਗਿਆ, ਮੈਂ ਭੁੱਲ ਗਿਆ ।

ਕੇਸਰੋ — ਤੇਰੇ ਵਰਗਿਆਂ ਨੂੰ ਪਹਿਲਾਂ ਕਈਆਂ ਨੂੰ ਮੈਂ ਭੁੱਲੇ ਪਿੰਡਾਂ ਦੇ ਰਾਹ ਦੱਸੇ ਨੇ ।

ਨੱਥੀ — ਮੈਂ ਵੀ ਇਸ ਨੂੰ ਪਿੰਡ ਦੀਆਂ ਗਲੀਆਂ 'ਚ ਫਿਰਦੇ ਦੇਖਿਆ ਸੀ ।

ਰੱਖੋ — ਬੇਬੇ ! ਤੜਕੇ ਖੂਹ ਉਤੇ ਅਸੀਂ ਪਾਣੀ ਭਰਦੀਆਂ ਸਾਂ, ਤਾਂ ਇਹ ਕਿੰਨਾ ਚਿਰ ਈ ਖੜਾ ਸਾਨੂੰ ਘੂਰਦਾ ਰਿਹਾ । ਇਸ ਦੀ ਤੱਕਣੀ ਬੜੀ ਭੈੜੀ ਐ ।

ਕੇਸਰੋ — ਵੇ ਹੁਣ ਘੁੱਗੂ-ਵੱਟਾ ਬਣਿਆ ਖੜਾ ਐਂ, ਬੋਲਦਾ ਕਿਉਂ ਨਹੀਂ ? (ਅੱਗੇ ਵੱਧ ਕੇ) ਤੂੰ ਹੈਂ ਕੌਣ ਜਾਤ ? ਮੈਂ ਤਾਂ ਦਾੜ੍ਹੀ ਪੱਟ ਕੇ ਫੜਾ ਦਊਂਗੀ ਹੱਥ ਵਿਚ ! ਤੂੰ ਸਮਝਿਆ ਕੀ ਐ ਮੈਨੂੰ ?

ਲੱਖਾ ਕੁਝ ਬੋਲਣ ਲੱਗਦਾ ਹੈ । ਲੋਕ ਉਸ ਨੂੰ ਧੱਕੇ ਦੇਂਦੇ ਹਨ । ਉਸ ਦੀ ਪੱਗ ਲੱਥ ਜਾਂਦੀ ਹੈ ।
ਕੇਸਰੋ ਉਸ ਦੀ ਦਾੜ੍ਹੀ ਪੱਟਦੀ ਹੈ ਤਾਂ ਨਕਲੀ ਦਾੜ੍ਹੀ ਉਸ ਦੇ ਹੱਥ ਵਿਚ ਆ ਜਾਂਦੀ ਹੈ । ਸਾਰੇ ਜਣੇ ਲੱਖੇ ਨੂੰ ਪਛਾਣ ਲੈਂਦੇ ਹਨ ।

ਸਭ — (ਹੈਰਾਨੀ ਨਾਲ) ਲੱਖਾ !

ਗਿਆਨੋ — ਲੱਖਾ !

ਕੇਸਰੋ — ਇਹ ਮੈਂ ਕੀ ਪਈ ਦੇਖਣੀ ਆਂ !

ਕੇਸਰੋ ਲੱਖੇ ਨੂੰ ਵੇਖ ਕੇ ਜਜ਼ਬਾਤ ਵਿਚ ਪੰਘਰ ਜਾਂਦੀ ਹੈ, ਤੇ ਇਕ ਪਾਸੇ ਥੜ੍ਹੇ ਉਤੇ ਬੈਠ ਜਾਂਦੀ ਹੈ ।

ਗਿਆਨੋ — (ਲੱਖੇ ਨੂੰ ਗਹੁ ਨਾਲ ਤੱਕ ਕੇ) ਇਹ ਲੱਖਾ ਈ ਏ, ਸਾਵੇਂ ਦਾ ਸਾਵਾਂ । ਮੈਂ ਤਾਂ ਆਖਦੀ ਸਾਂ ਪਈ ਇਸ ਕਦੀ ਏਸੇ ਤਰ੍ਹਾਂ ਮੁੜ ਆਉਣਾ ਏ — ਜਿਵੇਂ ਗਿਆ ਸੀ, ਉਸੇ ਤਰ੍ਹਾਂ ਆ ਗਿਆ ਏ ।

ਲੱਖਾ — ਬੱਬੀ, ਤੂੰ ਵੀ ਏਥੇ ਐਂ ?

ਬੱਬੀ — ਹਾਂ ਭਾਈ, ਸਾਨੂੰ ਤਾਂ ਚਰਜ ਈ ਲੱਗਿਆ, ਤੈਨੂੰ ਦੇਖ ਕੇ ।



ਗਰੀਬੂ ਸ਼ਾਹ —ਮੈਨੂੰ ਤਾਂ ਇਹ ਉਸ ਦਾ ਭੂਤ ਲੱਗਦੈ । ਭੂਤ !

ਲੱਖਾ —ਤੇਰੇ ਵਾਲਾ ਭੂਤ ਤਾਂ ਮੈਂ ਕੱਢਦਾ ਆਂ, ਗਰੀਬੂ ਸ਼ਾਹ !

ਅਤਰੀ — ਵੇ ਅਸੀਂ ਕੀ ਕੀਤਾ ਏ, ਜੁ ਸਾਨੂੰ ਵੱਢੂੰ ਖਾਊਂ ਕਰਨ ਲੱਗ ਪਿਆ ਏਂ ?

ਬੱਬੀ — ਵੇ ਵੀਰਾ ! ਗਰੀਬੂ ਸ਼ਾਹ ਨੇ ਸਾਡੇ ਨਾਲ ਤਾਂ ਬੜੀ ਗਰੀਬ ਮਾਰ ਕੀਤੀ । ਸਾਨੂੰ ਇਸ ਦੀਆਂ ਵਹੀਆਂ ਖਾਤਿਆਂ ਤੋਂ ਬਚਾ ।

ਗਰੀਬੂ ਸ਼ਾਹ — 'ਵਹੀ ਖ਼ਾਤੇ ਤੋਂ ਬਚਾ ਏਸ ਨੂੰ ? ਹੂੰਹ ! ਤੈਨੂੰ ਤਾਂ ਹੁਣ ਕਚਹਿਰੀ ਈ ਬਚਾਊਗੀ ।

ਲੱਖਾ — (ਗਰੀਬੂ ਸ਼ਾਹ ਨੂੰ ਫੜ ਕੇ) ਪਹਿਲਾਂ ਤੂੰ ਪਿੰਡ ਦੀ ਕਚਹਿਰੀ ਅੱਗੇ ਤਾਂ ਪੇਸ਼ ਹੋ ।

ਗਰੀਬੂ ਸ਼ਾਹ — ਓਏ ਮੈਨੂੰ ਕਿਉਂ ਫੜਦਾ ਏਂ, ਮੈਨੂੰ — ਓ !

ਲੱਖਾ — (ਉਸ ਨੂੰ ਘਸੀਟ ਕੇ) ਪਹਿਲਾਂ ਤੂੰ ਤਾਂ ਪਿੰਡ ਦੀ ਪੰਚੈਤ ਅੱਗੇ ਸਿਰ ਚੁੱਕ, ਗੁੰਡਾ ਕਿਸੇ ਥਾਂ ਦਾ ! (ਲੋਕਾਂ ਨੂੰ ਸੰਬੋਧਨ ਹੋ ਕੇ) ਮੈਂ ਤੁਹਾਨੂੰ ਦੱਸਾਂ, ਇਹੋ ਸੀ, ਜਿਸ ਸਾਡਾ ਘਰ ਪਾੜਿਆ । ਤੇ ਇਹੋ ਅਤਰੀ ਸੀ ਇਸ ਦੀ ਤੀਵੀਂ, ਜਿਸ ਨੂੰ 'ਤਾਈ, ਤਾਈ !' ਆਖਦਿਆਂ ਸਾਡੀ ਜੀਭ ਸੁੱਕਦੀ ਸੀ, ਇਸੇ ਮੇਰੇ ਘਰ ਅੱਗ ਲਾਈ । ਮੈਨੂੰ ਭੜਕਾਇਆ, ਕੇਸਰੋ ਦੇ ਸਿਰ ਤੁਹਮਤਾਂ ਥੱਪੀਆਂ ਤੇ ਮੈਂ ਏਥੋਂ ਚਲਿਆ ਗਿਆ ।

ਅਤਰੀ — ਵੇ ਤੂੰ ਏਸ ਤਰ੍ਹਾਂ ਕਿਉਂ ਬੋਲਦਾ ਐਂ ?

ਲੱਖਾ — ਤੇ ਇਸ ਸਾਨੂੰ ਕਚਹਿਰੀ ਦਾ ਡਰ ਪਾਇਆ ਏ । ਕਚਹਿਰੀ ਤਾਂ ਮੈਂ ਲੈ ਕੇ ਜਾਵਾਂਗਾ ਤੈਨੂੰ ! ਜਿੰਨੇ ਰੁਪੱਈਏ ਖਾਧੇ ਨੇ, ਜੇ ਨਾ ਨੱਕ ਦੀ ਰਾਹੀਂ ਕੱਢੇ ।

ਗਰੀਬੂ ਸ਼ਾਹ — (ਲੋਕਾਂ ਨੂੰ ਆਪਣੇ ਖ਼ਿਲਾਫ਼ ਤੱਕ ਕੇ) ਓਏ ਮੈਨੂੰ ਛੱਡੋ ! ਤੁਸੀਂ ਸਾਰੇ ਮੈਨੂੰ ਕਿਵੇਂ ਘੇਰੀ ਖੜੇ ਹੋ । ਛੱਡੋ !

ਨੱਥੀ — ਸਾਨੂੰ ਏਸ ਗਰੀਬੂ ਦੇ ਹੱਥੋਂ ਬਚਾ, ਤੇਰਾ ਭਲਾ ਹੋਵੇ !

ਗਰੀਬੂ ਸ਼ਾਹ — ਓਏ ਮੈਨੂੰ ਛੱਡੋ, ਕਿਵੇਂ ਘੇਰੀ ਖੜੇ ਨੇ, ਜਿਵੇਂ ਮੈਂ ਕੁਝ ਦੇਣਾ ਹੁੰਦਾ ਏ ਕਿਸੇ ਦਾ ।

ਲੱਖਾ — ਤੂੰ ਸਾਡਾ ਸਭਨਾਂ ਦਾ ਦੇਣਾ ਏਂ ।

ਗਰੀਬੂ ਸ਼ਾਹ ਸਭਨਾਂ ਲੋਕਾਂ ਵਿਚ ਘਿਰਿਆ ਖੜਾ ਹੈ ।

ਚੰਗਾ, ਤੈਨੂੰ ਇਸ ਸ਼ਰਤ ਤੇ ਛੱਡਦੇ ਆਂ ਪਈ ਪਹਿਲਾ ਕੰਮ ਤੂੰ ਇਹ

ਕਰ ਕਿ ਗਿਆਨੋ ਬੋਬੀ ਤੇ ਨੱਥੀ ਦਾ ਨਾਂ ਆਪਣੀ ਬਹੀ ਵਿਚੋਂ ਸਾਰਿਆਂ ਦੇ ਸਾਹਮਣੇ ਕੱਟ। ਤੂੰ ਗਿਆਨੋ ਬੋਬੀ ਤੋਂ ਮੂਲ ਤੋਂ ਵੀ ਦੂਣਾ ਬਿਆਜ ਲੈ ਚੁੱਕਿਆ ਐਂ। ਬੱਸ ਹੁਣ ਜੇ ਹੱਟੀ ਤੋਰਨੀ ਐ ਤਾਂ ਪਹਿਲਾਂ ਇਹ ਕੰਮ ਕਰ ਨਹੀਂ ਤਾਂ —

ਗਰੀਬੂ ਸ਼ਾਹ — ਚੰਗਾ ਚੰਗਾ, ਕਿਉਂ ਬੋਲੀ ਜਾਨਾਂ ਏਂ, ਤੇਰੀ ਗੱਲ ਮੈਂ ਨਾਂਹ ਕਦੋਂ ਕੀਤੀ ਐ। ਮੈਂ ਤਾਂ ਨਿੱਤ ਈ ਆਖਣਾ ਆਂ, ਪਈ ਮੈਂ ਤਾਂ ਬਸ ਗੱਲੇ ਦੀ ਰਾਖੀ ਬੈਠਾ ਆਂ — ਜਿਵੇਂ ਆਖੋ ਕਰ ਦਿੰਨਾ ਆਂ। ਓਏ ਰਾਹ ਤਾਂ ਛੱਡੋ, ਹੱਟੀ ਤੋਂ ਬਹੀ ਤਾਂ ਚੁੱਕ ਲਿਆਵਾਂ (ਰੁਲਦੂ ਨੂੰ) ਲਿਆ ਪੁੱਤ, ਫੜਾ ਬਹੀ ਰਤਾ। (ਉਹ ਹੱਟੀ ਤੋਂ ਬਹੀ ਚੁੱਕ ਕੇ ਲਿਆਉਂਦਾ ਹੈ) ਆਹ ਲਓ, ਨੱਥੀ ਤੇ ਗਿਆਨੋ ਦਾ ਹਸਾਬ ਮੁਕਾਉਨਾ ਆਂ। ਆਹ ਲੀਕ ਫੇਰ ਦਿਤੀ — ਪਰ ਇਸ ਹੱਟੀ ਨੂੰ ਬੰਦ ਨਾ ਕਰੀਓ — ਲਓ।

ਅਤਰੀ — ਵੇ ਤੂੰ ਕਾਹਨੂੰ ਲੀਕ ਫੇਰ ਦਿਤੀ ?

ਗਰੀਬੂ ਸ਼ਾਹ — ਜੇ ਲੀਕ ਨਾ ਫੇਰਦਾ ਤਾਂ ਅੱਜ ਹੱਟੀ ਉਤੇ ਲੀਕ ਫਿਰ ਜਾਣੀ ਸੀ। ਭਲੀਏ ਲੋਕੇ ! ਹੁਣ ਉਹ ਗੱਲਾਂ ਨਹੀਂ ਰਹੀਆਂ, ਪਈ ਜਿੱਥੇ ਪਿੰਡ ਦਾ ਸ਼ਾਹ ਖੜੋ ਜਾਏ, ਸਾਰੇ ਲੋਕ ਫ਼ਤਿਹ ਬੁਲਾਉਣ। ਕਿਹੋ ਜਿਹਾ ਜਮਾਨਾ ਆ ਗਿਆ।

ਗਰੀਬੂ ਤੇ ਅਤਰੀ ਉਥੋਂ ਚਲੇ ਜਾਂਦੇ ਹਨ। ਬਾਕੀ ਦੇ ਲੋਕ ਵੀ ਖਿਸਕ ਜਾਂਦੇ ਹਨ। ਕੇਸਰੋ, ਗਿਆਨੋ ਤੇ ਲੱਖਾ ਰਹਿ ਜਾਂਦੇ ਹਨ।

ਕੇਸਰੋ — ਸੱਚ ਈ ਨਹੀਂ ਆਉਂਦਾ, ਪਈ ਤੂੰ ਆ ਗਿਆ ਏਂ।

ਲੱਖਾ — ਤੈਨੂੰ ਤਾਂ ਉਦੋਂ ਵੀ ਸੱਚ ਨਹੀਂ ਸੀ ਆਉਂਦਾ, ਜਦੋਂ ਮੈਂ ਆਸਾਮੋਂ ਮੁੜਿਆ ਸਾਂ। ਤੂੰ ਏਸੇ ਥੜ੍ਹੇ ਉਤੇ ਬੈਠੀ ਫੁਲਕਾਰੀ ਕੱਢ ਰਹੀ ਸੈਂ ਕਿ ਮੈਂ ਆ ਗਿਆ। ਏਸੇ ਤਰ੍ਹਾਂ ਗਲੀ 'ਚ ਕੱਠ ਹੋ ਗਿਆ ਸੀ। ਕੇਸਰੋ, ਮੇਰੀ ਭੁੱਲ ਨੂੰ ਭੁੱਲ ਜਾਈਂ। ਮੈਨੂੰ ਮੁਆਫ਼ ਕਰੀਂ। ਮੈਂ — ਮੈਂ...

ਕੇਸਰੋ — ਭੁੱਲ ਕਾਹਦੀ ? ਸਵੇਰ ਦਾ ਭੁੱਲਿਆ ਜੇ ਆਥਣੇ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਾ ਜਾਣੀਏ।

ਲੱਖਾ — ਕੇਸਰੋ, ਤੂੰ ਸਮਝ ਲੈ, ਹੁਣ ਵੀ ਮੈਂ ਲਾਮ ਤੋਂ ਈ ਮੁੜਿਆ ਆਂ। ਆਸਾਮ ਤੋਂ ਤਾਂ ਮੈਂ ਬੰਦੂਖਾਂ ਤੇ ਗੋਲਿਆਂ ਦੀ ਲੜਾਈ ਲੜ ਕੇ ਮੁੜਿਆ



ਸੀ। ਪਰ ਇਹ ਜੰਗ, ਜੋ ਮੈਂ ਪਿਛਲੇ ਇਕ ਸਾਲ ਤੋਂ ਲੜੀ ਐ, ਬਹੁਤ ਵੱਡੀ ਜੰਗ ਐ।

ਕੇਸਰੋ — ਸ਼ੁਕਰੈ ਤੂੰ ਘਰ ਮੁੜਿਆ। ਮੈਂ ਤਾਂ ਸਮਝਦੀ ਸਾਂ, ਪੜ੍ਹ ਲਿਖ ਕੇ ਮੈਂ ਤੈਨੂੰ ਗੁਆ ਬੈਠੀ। ਕੰਮ ਕਾਜ ਕਰਨ ਨਾਲ ਤੇਰੇ ਵਲੋਂ ਝੂਠੀ ਪੈ ਗਈ। ਪਰ —

ਲੱਖਾ — ਤੇਰੇ ਇਸੇ ਕੰਮ ਕਾਜ ਨੇ ਈ ਤਾਂ ਮੈਨੂੰ ਜਿੱਤਿਆ ਐ। ਜੇ ਤੂੰ ਆਪਣੇ ਕੰਮ ਤੇ ਪੜ੍ਹਾਈ ਉਤੇ ਇਸ ਤਰ੍ਹਾਂ ਨਾ ਅੜਦੀ ਤਾਂ ਮੈਂ ਕਿੱਥੋਂ ਮੁੜਨਾ ਸੀ।

ਡਾਕੀਆ ਆਉਂਦਾ ਹੈ।

ਡਾਕੀਆ — ਲੈ ਬੀਬੀ ਖ਼ਤ !

ਕੇਸਰੋ — ਕਿਹਦਾ ਐ ?

ਡਾਕੀਆ — ਲੱਖਾ ਸਿਓਂ ਦਾ।

ਲੱਖਾ -- ਲਿਆ ਮੈਨੂੰ ਫੜਾ, ਮੈਂ ਏਥੇ ਈ ਆਂ।

ਡਾਕੀਆ -- ਕਦੋਂ ਮੁੜਿਆ ਤੂੰ ? ਮੈਂ ਤਾਂ ਇਕੱਠ 'ਚੋਂ ਦੇਖਿਆ ਈ ਨਾ ਤੈਨੂੰ। ਸੁਣਿਆ ਸੀ ਤੂੰ...

ਲੱਖਾ -- ਹਾਂ ਬਹੁਤ ਸਾਰੀਆਂ ਗੱਲਾਂ ਸੁਣੀਆਂ ਹੋਣਗੀਆਂ ਤੂੰ, ਪਰ ਸਾਰੀਆਂ ਈ ਸੱਚ ਨਹੀਂ ਹੁੰਦੀਆਂ। (ਲਿਫ਼ਾਫ਼ੇ ਨੂੰ ਦੇਖ ਕੇ) ਸ਼ੈਤ ਸਰਕਾਰੋਂ ਆਇਆ ਐ, ਬੜੀਆਂ ਮੁਹਰਾਂ ਲੱਗੀਆਂ ਹੋਈਆਂ ਨੇ।

ਡਾਕੀਆ -- ਏਥੇ ਕਰ ਦਸਖ਼ਤ।

ਲੱਖਾ -- ਕਿਉਂ, ਦਸਖ਼ਤ ਕਾਹਦੇ ?

ਡਾਕੀਆ -- ਬੀਮਾਂ ਏ।

ਲੱਖਾ -- ਕਾਹਦਾ ?

ਡਾਕੀਆ — ਤੂੰ ਦੇਖ ਲੈ ਖੋਹਲ ਕੇ।

ਲੱਖਾ ਦਸਖ਼ਤ ਕਰਕੇ ਛੇਤੀ ਛੇਤੀ ਲਿਫ਼ਾਫ਼ਾ ਖੋਹਲਦਾ ਹੈ। ਉਸ ਵਿਚੋਂ ਨੋਟਾਂ ਦਾ ਥੱਬਾ ਨਿਕਲਦਾ ਹੈ।

ਕੇਸਰੋ — ਕੀ ਐ ?

ਲੱਖਾ -- ਰੁਪੱਈਏ !

ਗਿਆਨੋ — ਰੁਪੱਈਏ ? ਲੈ ਹੁਣ ਤਨਖ਼ਾਹ ਆ ਗਏ ਏ ਤੇਰੀ। ਹੁਣ ਨਾ ਮੇਰੀ ਖੀਨ-ਖਾਪ ਦੀ ਕੁੜਤੀ ਤੇ ਸੁੱਥਣ ਭੁੱਲ ਜਾਈਂ। ਪਹਿਲਾਂ ਸ਼ੈਂਤ

ਐਸੇ ਕੁਡਰੀ ਸੁੱਖਣ ਤੋਂ ਡਰਦਾ ਈ ਘਰੋਂ ਨਿਕਲ ਗਿਆ ਸੈਂ ।

ਲੱਖਾ — ਨਹੀਂ ਬੇਬੀ, ਹੁਣ ਨਹੀਂ ਭੁੱਲ ਸਕਦਾ । ਇਹਨਾਂ ਰੁਪੱਈਆਂ 'ਚੋਂ ਪਹਿਲੀ ਗੱਲ ਤੇਰਾ ਖੀਨ-ਖਾਪ ਦਾ ਸੂਟ ਐ ।

ਗਿਆਨੋ — ਜਿਊਂਦਾ ਰਹੇਂ ! ਜੇ ਕਿਤੇ ਮੇਰੀ ਇਹ ਗੱਲ ਪਹਿਲਾਂ ਪੂਰੀ ਕਰ ਦੇਂਦਾ, ਤਾਂ ਤੈਨੂੰ ਘਰੋਂ ਈ ਨਾ ਜਾਣਾ ਪੈਂਦਾ ।

ਸਭ ਹੱਸਦੇ ਹਨ ।

(ਹਨੇਰਾ)

## ਲੇਖਕ ਦੀਆਂ ਹੋਰ ਪੁਸਤਕਾਂ

ਨਾਟਕ : ਅਭਿਸਾਰਿਕਾ, ਲੋਹਾ ਕੁਟ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ, ਕਣਕ ਦੀ ਬੱਲੀ, ਸੌਂਕਣ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਗਗਨ ਮੈ ਥਾਲੁ, ਐਕਟ੍ਰੈੱਸ ।

ਇਕਾਂਗੀ : ਕੁਆਰੀ ਟੀਸੀ, ਪੱਤਣ ਦੀ ਬੇੜੀ, ਪੈਂਤੜੇਬਾਜ਼, ਚਾਕੂ ।

ਨਾਵਲ : ਕੱਕਾ ਰੇਤਾ ।

ਕਹਾਣੀ : ਮਿਰਚਾਂ ਵਾਲਾ ਸਾਧ, ਡੁਲ੍ਹੇ ਬੇਰ, ਕਾਲਾ ਅੰਬ ।

ਖੋਜ : ਰੰਗ ਮੰਚ, ਲੋਕ-ਨਾਟਕ ।

ਰੇਖਾਚਿੱਤਰ : ਹੁਸੀਨ ਚਿਹਰੇ, ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ, ਕੌਡੀਆਂ ਵਾਲਾ ਸੱਪ, ਸ਼ਰਬਤ ਦੀਆਂ ਘੁੱਟਾਂ ।

ਯਾਤਰਾ : ਪਾਤਾਲ ਦੀ ਧਰਤੀ ।

ਆਤਮਕਥਾ : ਨੰਗੀ ਧੁੱਪ, ਕਾਸ਼ਨੀ ਵਿਹੜਾ ।

